# ਵਤਨੋ ਦੂਰ

ਮਈ - ਜੂਨ 1980

ਪੰਜਾਬੀ ਦੇ ਦੋ ਮਹਾਨ ਕਵੀ। ਬਾਵਾ ਬਲਵੰਤ 24 ਜੂਨ 1972 ਤੇ ਪ੍ਰੋ: ਮੋਹਨ ਸਿੰਘ 3 ਮਈ 1978 ਨੂੰ ਸਾਥੋਂ ਸਦਾ ਲਈ ਵਿਛੜ ਗਏ ਸਨ। ਉਹਨਾਂ ਦੀ ਯਾਦ ਤਾਜ਼ਾ ਕਰਨ ਲਈ ਉਹਨਾਂ ਦੀਆਂ ਰਚਨਾਵਾਂ ਪੇਸ਼ ਕਰ ਰਹੇ ਹਾਂ।

ਪ੍ਰੋਫੈਸਰ ਮੋਹਨ ਸਿੰਘ



## ਅਗਿਉ ਅਗੇ ਚਲਣਾ

ਅਸਾਂ ਤੇ ਹੁਣ ਅਗਿਉ ਅਗੇ ਚਲਣਾ,
ਅਸਾਂ ਨਾ ਹੁਣ ਕਿਸੇ ਪੜਾਅ ਢਲਣਾ।
ਰਿਹਾ ਨਾ ਜਦ ਲਾਂਭ-ਚਾਂਭ ਤਕਣਾ,
ਸਾਨੂੰ ਕੀ ਫਿਰ ਸੋਨ-ਮ੍ਰਿਗਾਂ ਛਲਣਾ।
ਅਸਾਂ ਤੇ ਸੱਤੇ ਸਾਗਰ ਟਪ ਜਾਣੇ,
ਅਸਾਂ ਤੇ ਪੈਰੀਂ ਤਾਰਿਆਂ ਨੂੰ ਮਲਣਾ।
ਅਸਾਂ ਤੇ ਅਜੇ ਹੋਰ ਉਤਾਂਹ ਚੜ੍ਹਨਾ,
ਅਸਾਂ ਤੇ ਸੀਨਾ ਗਗਨਾਂ ਦਾ ਸਲਣਾ।
ਅਸਾਂ ਤੇ ਲਾ ਪਿਆਰ ਖੰਭ ਉਡਣਾ,
ਸਾਨੂੰ ਕੀ ਇਸ ਧਰਤ-ਅੰਬਰ ਵਲਣਾ।
ਅਸਾਂ ਨਹੀਂ ਹੁਣ ਹੋਣੀਆਂ ਤੋਂ ਰੁਕਣਾ,
ਸਾਨੂੰ ਕੀ ਇਸ ਲੋਕ-ਲਾਜ ਠਲ੍ਹਣਾ।
ਅਜੇ ਤਾਂ ਇਕੋ ਚਿਣਗ ਲਗੀ ਸਾਨੂੰ,
ਅਜੇ ਤਾਂ ਅਸਾਂ ਭਾਂਬੜ ਬਣ ਬਲਣਾ।
ਅਜੇ ਤਾਂ ਇਕੋ ਬੂੰਦ ਮਿਲੀ ਸਾਨੂੰ,
ਅਜੇ ਤਾਂ ਅਸਾਂ ਪਿਆਲਿਆਂ 'ਤੇ ਪਲਣਾ।
ਅਸਾਂ ਤੇ ਹੁਣ ਅਗਿਉ ਅਗੇ ਚਲਣਾ,
ਅਸਾਂ ਨਾ ਹੁਣ ਕਿਸੇ ਪੜਾਅ ਢਲਣਾ।

ਬਾਵਾ ਬਲਵੰਤ



## ਨਵੀਨ ਆਸ

ਬੇ-ਆਸ ਦਿਲਾਂ ਅੰਦਰ ਸ਼ੁਭ ਆਸ ਵਸਾਣੀ ਏ,
ਨ ਬੁਲਬੁਲਾ ਏ ਜੀਵਨ, ਨ ਦੁਨੀਆਂ ਹੀ ਫ਼ਾਨੀ ਏ।
ਇਸ ਫ਼ਲਸਫ਼ੇ ਫ਼ਾਨੀ ਨੂੰ ਘੜਿਆ ਏ ਅਮੀਰੀ ਨੇ,
ਹੈ ਲਾਭ ਅਮੀਰੀ ਨੂੰ ਤੇ ਦੁਨੀਆਂ ਦੀ ਹਾਨੀ ਏ।
ਰਾਜਾਂ ਨੇ, ਗ਼ਰੀਬਾਂ ਦੇ, ਕੁਦਰਤ ਵੀ ਉਲਟ ਆਖੀ;
ਹਰ ਦਿਨ ਜਿਦਾ ਨੂਰੀ ਏ, ਹਰ ਰਾਤ ਸੁਹਾਣੀ ਏ।
ਦੌਲਤ ਹੀ ਦੇ ਕਬਜ਼ੇ ਨੇ ਤਕਦੀਰ ਬਣਾਈ ਏ,
ਇਹ ਚੀਜ਼ ਹੀ ਕਲਪਤ ਹੈ ਬੇ-ਨਾਮ ਨਿਸ਼ਾਨੀ ਏ।
ਦੁਨੀਆਂ ਨੂੰ ਵਸਾਇਆ ਏ ਮਿਹਨਤ ਦੀ ਜਵਾਨੀ ਨੇ,
ਭੁੱਖੀ ਹੀ ਰਹੀ ਮਰਦੀ ਮਿਹਨਤ ਦੀ ਜਵਾਨੀ ਏ।
ਹੁਣ ਜਨਤਾ ਸਿਰ ਚੁੱਕੇ ਕਿਉਂ ਮੁਰਦਾ ਖ਼ਿਆਲਾਂ ਨੂੰ,
ਵਿਗਿਆਨ ਦੇ ਜੁੱਗ ਅੰਦਰ ਰ੍ਹਿਹ ਰਾਜਾ ਨ ਰਾਣੀ ਏ।
ਜੋ ਜਨਮਾਂ ਤੇ ਕਰਮਾਂ ਦੇ ਚੱਕਰਾਂ 'ਚ ਫਸਾ ਰਖੇ,
ਉਹ ਗ਼ਲਤ ਹੈ ਚਾਹੇ ਉਹ ਆਕਾਸ਼ ਦੀ ਬਾਣੀ ਏ।
ਬਦਲੀ ਦੀ ਸਚਾਈ ਤੋਂ ਜੀਵਨ ਦੀਆਂ ਲੋੜਾਂ ਤੋਂ,
ਭੂਕਾਲ ਦੇ ਕਬਜ਼ੇ ਦੀ ਸਫ਼ ਉਲਟਦੀ ਜਾਣੀ ਏ।
ਉੱਚ ਮਿਸਰੀ-ਮਿਨਾਰਾਂ ਤੋਂ ਹਰ ਤਾਜ ਮਹੱਲ ਅੰਦਰ,
ਸੋਨੇ ਦਿਆਂ ਹਰਫ਼ਾਂ ਵਿਚ ਮਿਹਨਤ ਦੀ ਕਹਾਣੀ ਏ।
ਨਾ ਜ਼ਿੰਦਗੀ ਸੁਪਨਾ ਏ, ਨਾ ਦੁਨੀਆਂ ਹੀ ਫ਼ਾਨੀ ਏ,
ਬੇ-ਆਸ ਦਿਲਾਂ ਅੰਦਰ ਇਹ ਆਸ ਵਸਾਣੀ ਏ।

**WATNO DUR**
**MAY/JUNE 1980**
**P.O. Box 67681 Stn. 'O'**
**Vancouver, B.C. V5W 3V2**

"ONE-STOP" GROCERY CENTRE

# MAIN FOOD CENTRE

**6681 Main St. [at 51st. Ave.]**

**PHONE: 324-4185**

## FIGURE ON SAVINGS

**WHEN YOU FOOD SHOP HERE**

master charge VISA

## *FRESH*

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF**
**RECORDS & 8-TRACKS**

**SPECIAL OFFER:**

**ALL SIZES**
**HEAVY-**
**BOTTOM**
**PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**
**LOWEST PRICES —PURE & FRESH**
**QUALITY GROCERY ITEMS**

**6681 MAIN STREET, VANCOUVER**

LITERARY & CULTURAL
MONTHLY OF PANJABI

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ
ਸੱਭਿਆਚਾਰਕ ਮਾਸਕ-ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

2nd Class Mail Reg. No. 3233
ANNUAL SUBSCRIPTION: Canada-U.S.A. $6.00
Other Countries SEA $6.00 AIR $9.00

Vol. 8, No. 80
MAY/JUNE 1980

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*

**EDITOR:**
Sadhu, 437-9014

**ASSISTANT EDITOR:**
Subhwant Hundal, 321-9221

**ADVERTISING EDITOR:**
Karamjit Ghuman, 321-6081

**CIRCULATION EDITOR**
Amarjit Chahal, 892-3085

**MANAGING EDITOR:**
Paul Binning, 879-3339

**ADVISER:**
Ajmer Rodey, 438-7793
Surinder Dhanjal, 253-9711 (Windsor)

**WATNO DUR REPRESENTATIVES:**
Raghbir Mand, 325-9564 Vancouver
Iqbal Ramuwalia, Toronto
Gurcharan Tallewalia, Richmond (271-4742)
Gill Avtar, Sherwood Park, Alta. (464-3851)
Dave Jatana, Prince Rupert 627-7209
Harnek Mann. Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423
Kashmira Singh Chaman, Calgary (248-2841)
Jagdev S. Jatana, Fort Nelson (774-6308)

Surinder Kailay
9-D, Sarabha Nagar
Ludhiana 141001
Punjab, India

Jasbir Bath
19 Summertrees Ave. L4920D
Greasby Merseyside
Liverpool, England

## ਇਸ ਅੰਕ ਵਿਚ :-

**ਕਹਾਣੀ :-** ਮਹਿੰਦਰ ਦੁਸਾਂਝ, ਰਣਜੀਤ ਫੇਸਲ, ਸੁਖਵੰਤ ਹੁੰਦਲ, ਜਰਨੈਲ ਜਨਾਗਲ

**ਕਵਿਤਾ :-** ਪ੍ਰੋਫੈਸਰ ਮੋਹਨ ਸਿੰਘ, ਬਾਵਾ ਬਲਵੰਤ, ਹਰਦੇਵ ਸਿੰਘ ਕਲਸੀ, ਸੁਖਪਾਲ ਸੀਤ, ਇਕਬਾਲ ਰਾਮੂਵਾਲੀਆ, ਹਰਜਿੰਦਰ ਸਿੰਘ ਹਰੀਪਾਲ, ਦਲਜਿੰਦਰ, ਕੇ. ਸੀ. ਮੋਹਨ, ਗੁਰਦੀਪ ਇੰਗਲੈਂਡੀ, ਸਾਧੂ ਸਿੰਘ ਤਰਸ, ਕੁਲਦੀਪ ਤੱਗੜ, ਮੇਤਾ ਸਿੰਘ ਗਰੇਵਾਲ

**ਲੇਖ :-** ਅੰਮ੍ਰਿਤਾ ਸ਼ੈਲਾ

**ਪੁਸਤਕ ਪ੍ਰੀਚਯ :-** ਹਰਭਜਨ ਹਲਵਾਰਵੀ, ਅਜਮੇਰ ਰੋਡੇ

**ਇਕ ਖ਼ਤ :-** ਬਹਿਰੀਨ ਤੋਂ

ਵਤਨੋਂ ਦੂਰ ਵਿਚ ਛੱਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

# ਐਡੀਟੋਰੀਅਲ

ਬੀ. ਸੀ. ਦੇ ਖੇਤ ਮਜ਼ਦੂਰਾਂ ਨੇ ਕੈਨੇਡਾ ਦੀ ਮਜ਼ਦੂਰ ਜਮਾਤ ਦੇ ਇਤਿਹਾਸ ਵਿਚ ਇਕ ਮਹੱਤਵਪੂਰਣ ਸਫਾ ਲਿਖਿਆ ਹੈ। 'ਫਾਰਮ ਵਰਕਰਜ਼ ਆਰਗੇਨਾਈਜ਼ਿੰਗ ਕਮੇਟੀ' ਨੇ ਇਕ ਸਾਲ ਦੀਆਂ ਸਖਤ ਕੋਸ਼ਿਸ਼ਾਂ ਦੇ ਬਾਅਦ 6 ਅਪ੍ਰੈਲ 1980 ਨੂੰ ਖੇਤ ਮਜ਼ਦੂਰਾਂ ਦੀ ਯੂਨੀਅਨ — "ਕੈਨੇਡੀਅਨ ਫਾਰਮ ਵਰਕਰਜ਼ (C.F.U.) ਸਥਾਪਿਤ ਕਰ ਦਿੱਤੀ ਹੈ। ਇਹ ਗੱਲ ਸਾਡੇ ਲਈ ਦੂਹਰੇ ਮਾਣ ਵਾਲੀ ਹੈ। ਇਕ ਤਾਂ ਇਹ ਸਾਡੀ ਸਾਰੇ ਕੈਨੇਡੀਅਨ ਕਾਮਿਆਂ ਦੀ ਜਿੱਤ ਹੈ ਤੇ ਦੂਜੀ ਕਿਉਂਕਿ ਬੀ. ਸੀ. ਦੇ ਬਹੁਤੇ ਖੇਤ ਮਜ਼ਦੂਰ ਪੰਜਾਬੀ ਹਨ - ਇਸ ਕਰਕੇ ਇਸ ਨੂੰ ਪੰਜਾਬੀ ਕਾਮਿਆਂ ਦੀ ਜਿੱਤ ਵੀ ਕਿਹਾ ਜਾ ਸਕਦਾ ਹੈ। ਇਸ ਜਥੇਬੰਦਕ ਘੋਲ ਨਾਲ ਕੈਨੇਡਾ ਦੀ ਮਜ਼ਦੂਰ ਜਮਾਤ ਵਿਚ ਪੰਜਾਬੀ ਕਾਮਿਆਂ ਦਾ ਜ਼ਰੂਰ ਹੀ ਮਾਣ ਸਤਿਕਾਰ ਵਧੇਗਾ

ਖੇਤ ਮਜ਼ਦੂਰਾਂ ਦਾ ਘੋਲ ਅਜੇ ਖਤਮ ਨਹੀਂ ਹੋਇਆ ਸਗੋਂ ਅਜੇ ਸ਼ੁਰੂ ਹੋਇਆ ਕਿਹਾ ਜਾ ਸਕਦਾ ਹੈ। ਕੈਨੇਡਾ ਦੀ ਮਜ਼ਦੂਰ ਜਮਾਤ ਨੂੰ ਵੀ ਬਾਕੀ ਦੁਨੀਆਂ ਦੇ ਜਥੇਬੰਦ ਮਜ਼ਦੂਰਾਂ ਵਾਂਗ ਆਪਣੇ ਹੱਕਾਂ ਲਈ ਬੜੀਆਂ ਲੰਮੀਆਂ ਤੇ ਔਖੀਆਂ ਲੜਾਈਆਂ ਲੜਨੀਆਂ ਪਈਆਂ ਹਨ। ਹਾਕਮ ਜਮਾਤ ਨੇ ਕਦੀ ਵੀ ਆਪਣੇ ਆਪ ਕਾਮਿਆਂ ਨੂੰ ਉਹਨਾਂ ਦੇ ਹੱਕ ਨਹੀਂ ਦਿੱਤੇ ਇਸ ਲਈ ਇਹ ਆਸ ਰੱਖਣੀ ਗਲਤ ਹੋਵੇਗੀ ਕਿ ਬੀ. ਸੀ. ਦੇ ਖੇਤ- ਮਾਲਕ ਜਾਂ ਠੇਕੇਦਾਰ ਆਪ ਕਾਮਿਆਂ ਨੂੰ ਉਹਨਾਂ ਦੇ ਹੱਕ ਦੇ ਦੇਣਗੇ। ਇਹਨਾਂ ਹੱਕਾਂ ਲਈ ਅਜੇ ਲੰਬਾ ਘੋਲ ਚੱਲੇਗਾ। ਖੇਤ - ਮਾਲਕ ਤੇ ਠੇਕੇਦਾਰ ਇਸ ਘੋਲ ਦੀਆਂ ਖੂਬ ਤਿਆਰੀਆਂ ਕਰ ਚੁੱਕੇ ਨਜ਼ਰ ਆਉਂਦੇ ਹਨ। ਉਹ ਮਜ਼ਦੂਰਾਂ ਨੂੰ ਭੁਚਲਾਉਣ ਲਈ ਕਈ ਕੁੱਝ ਖੁਦ ਹੀ ਪੇਸ਼ ਕਰ ਰਹੇ ਹਨ ਤੇ ਨਾਲ ਹੀ ਯੂਨੀਅਨ ਦੇ ਵਿਰੁੱਧ ਪ੍ਰਾਪੇਗੰਡਾ ਕਰ ਰਹੇ ਹਨ। ਇਥੇ ਸਮਝਣ ਵਾਲੀ ਗੱਲ ਇਹ ਹੈ ਕਿ ਬਹੁਤ ਸਾਰੇ ਠੇਕੇਦਾਰ ਤੇ 'ਫਾਰਮਰਜ਼' ਖੁਦ ਮਿਲਾਂ 'ਚ ਕੰਮ ਕਰਦੇ ਰਹੇ ਹਨ ਤੇ ਕਈ ਕਰਦੇ ਵੀ ਹਨ ਤੇ ਮਿਲਾਂ ਵਿਚ ਉਹ ਸਾਰੇ ਯੂਨੀਅਨ ਦੇ ਮੈਂਬਰ ਹਨ, ਅਤੇ ਯੂਨੀਅਨ ਰਾਹੀਂ ਮਿਲੀਆਂ ਹੋਈਆਂ ਸਹੂਲਤਾਂ ਨੂੰ ਮਾਣਦੇ ਹਨ। ਤੇ ਦੂਜੇ ਪਾਸੇ ਉਹ ਹੋਰ ਕਾਮਿਆਂ ਨੂੰ ਇਹਨਾਂ ਤੋਂ ਵਾਂਝਾ ਰੱਖਣਾ ਚਾਹੁੰਦੇ ਹਨ। ਇਥੇ ਇਕ ਹੋਰ ਵੀ ਦਿਲਚਸਪ ਗੱਲ ਸਾਹਮਣੇ ਆਉਂਦੀ ਹੈ ਕਿ ਲੁੱਟਣ ਵਾਲਿਆਂ ਦਾ ਕੋਈ ਵੱਖਰਾ ਰੰਗ ਜਾਂ ਧਰਮ ਨਹੀਂ ਹੁੰਦਾ। ਲੁੱਟਣ ਵਾਲਿਆਂ ਦੀ ਇਕ ਵੱਖਰੀ ਜਮਾਤ ਹੁੰਦੀ ਹੈ। ਲੁੱਟਣ ਵਾਲੀ ਜਮਾਤ ਆਪਣੀ ਰਾਖੀ ਕਰਦੀ ਹੈ ਤੇ ਮਜ਼ਦੂਰ ਜਮਾਤ ਆਪਣੀ। ਜੇ ਇਹ ਗੱਲ ਸੱਚੀ ਨਾ ਹੁੰਦੀ ਤਾਂ ਪੰਜਾਬੀ ਕਾਮਿਆਂ ਨੂੰ ਸਾਰੇ ਹੱਕ ਮਿਲ ਜਾਣੇ ਚਾਹੀਦੇ ਸਨ ਕਿਉਂਕਿ ਉਹ ਵੀ ਉਹੋ ਬੋਲੀ ਬੋਲਦੇ ਹਨ, ਉਸੇ ਰੰਗ ਦੇ ਹਨ, ਉਸੇ ਗੁਰਦੁਆਰੇ ਜਾਂਦੇ ਹਨ ਜਿਥੇ ਖੁਦ ਠੇਕੇਦਾਰ ਤੇ ਬਹੁਤੇ 'ਫਾਰਮਰਜ਼' ਜਾਂਦੇ ਹਨ। ਪਰ ਕਿਉਂਕਿ ਇਸ ਸਮਾਜ ਦੀ ਵੰਡ ਧਰਮ, ਨਸਲ ਜਾਂ ਰੰਗਾਂ ਦੇ ਆਧਾਰ ਤੇ ਨਹੀਂ, ਸਗੋਂ ਆਰਥਿਕਤਾ ਦੇ ਆਧਾਰ ਤੇ ਹੁੰਦੀ ਹੈ ਇਸ ਕਰਕੇ ਰੰਗ ਜਾਂ ਧਰਮ ਨੂੰ ਭੁੱਲ ਕੇ ਕਾਮਿਆਂ ਨੂੰ ਆਪਣੇ ਹੱਕਾਂ ਲਈ ਘੋਲ ਕਰਨਾ ਪੈਂਦਾ ਹੈ।

'ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ' (C.F.U.) ਨੂੰ ਕੈਨੇਡਾ ਦੀ ਸਮੁੱਚੀ ਜਥੇਬੰਦ ਮਜ਼ਦੂਰ ਜਮਾਤ ਵੱਲੋਂ ਹਰ ਕਿਸਮ ਦੀ ਮਦਦ ਮਿਲ ਰਹੀ ਹੈ। ਕੈਨੇਡਾ ਦੀਆਂ ਵੱਖਰੀਆਂ ਵੱਖਰੀਆਂ ਯੂਨੀਅਨਾਂ ਇਹਨਾਂ ਦੀ ਮਾਇਕ ਸਹਾਇਤਾ ਵੀ ਕਰ ਰਹੀਆਂ ਹਨ। ਕੈਨੇਡਾ ਹੀ ਨਹੀਂ ਸਗੋਂ ਅਮਰੀਕਾ ਦੇ ਖੇਤ ਮਜ਼ਦੂਰ ਵੀ ਇਹਨਾਂ ਦੀ ਡੱਟ ਕੇ ਮੱਦਦ ਕਰ ਰਹੇ ਹਨ। ਸੀਜ਼ਰ ਸ਼ਾਵੇਜ਼ ਜਿਸ ਨੇ ਕਿ ਕੈਲੇਫੋਰਨੀਆਂ ਦੇ ਖੇਤ ਮਜ਼ਦੂਰਾਂ ਲਈ ਅਨੇਕਾਂ ਘੋਲ ਲੜੇ ਤੇ ਜਿੱਤਾਂ ਜਿੱਤੀਆਂ ਹਨ ਜਿਹੜਾ ਕਿ ਕੈਲੇਫੋਰਨੀਆਂ ਦੇ ਖੇਤ ਮਜ਼ਦੂਰਾਂ ਦਾ ਮਸ਼ਹੂਰ ਆਗੂ ਹੈ ਉਹ ਖੁਦ ਪਿਛਲੇ ਦਿਨੀਂ ਫਾਰਮ ਵਰਕਰਜ਼ ਯੂਨੀਅਨ ਦੇ ਸੱਦੇ ਤੇ ਵੈਨਕੂਵਰ ਆਏ ਅਤੇ ਉਹਨਾਂ ਨੇ ਹਰ ਕਿਸਮ ਦੀ ਮਦਦ ਦਾ ਯਕੀਨ ਦਵਾਇਆ।

ਸਾਡੀ ਭਾਰਤੀ ਕਮਿਊਨਿਟੀ ਲਈ ਖੇਤ - ਮਜ਼ਦੂਰਾਂ ਦਾ ਘੋਲ ਬਹੁਤ ਹੀ ਮਹੱਤਵਪੂਰਣ ਹੈ। ਇਹ ਇਕ ਐਸਾ ਮਸਲਾ ਹੈ ਜਿਸ ਤੇ ਸਾਰੇ ਕੈਨੇਡਾ ਦੇ ਲੋਕਾਂ ਦੀਆਂ ਨਜ਼ਰਾਂ ਹਨ ਕਿਉਂਕਿ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਦਾ ਕੈਨੇਡਾ ਵਿਚ ਇਹ ਪਹਿਲਾ ਮੌਕਾ ਹੈ। ਇਸ ਯੂਨੀਅਨ ਨੂੰ ਕਾਮਯਾਬ ਕਰਕੇ ਅਸੀਂ ਸਮੁੱਚੇ ਕੈਨੇਡੀਅਨ ਲੋਕਾਂ ਵਿਚ ਆਪਣੀ ਕਮਿਊਨਿਟੀ ਦਾ ਮਾਣ ਵਧਾ ਸਕਦੇ ਹਾਂ। ਸਾਨੂੰ ਆਪਣੀਆਂ ਯੂਨੀਅਨਾਂ ਰਾਹੀਂ ਆਪਣੇ ਨਿਜੀ ਵਸੀਲਿਆਂ ਰਾਹੀਂ ਇਹਨਾਂ ਦੀ ਮਦਦ ਕਰਨੀ ਚਾਹੀਦੀ ਹੈ। ਸਭ ਤੋਂ ਵੱਧ ਲੋੜ ਵਾਲੀ ਗੱਲ ਹੈ ਕਿ ਫਾਰਮਾਂ ਵਿਚ ਕੰਮ ਕਰਨ ਵਾਲੇ ਲੋਕ ਯੂਨੀਅਨ ਦੇ ਮੈਂਬਰ ਬਣਨ। ਸਾਨੂੰ ਬਾਕੀਆਂ ਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਜਾਣ ਪਛਾਣ ਵਾਲੇ ਲੋਕਾਂ ਨੂੰ ਜੋ ਫਾਰਮਾਂ ਵਿਚ ਕੰਮ ਕਰਦੇ ਹਨ ਯੂਨੀਅਨ ਦੇ ਮੈਂਬਰ ਬਣਨ ਲਈ ਪ੍ਰੇਰੀਏ। ਖੇਤ ਮਜ਼ਦੂਰਾਂ ਦੀ ਜਿੱਤ ਸਾਡੀ ਸਾਰੀ ਕਮਿਊਨਿਟੀ ਦੀ ਜਿੱਤ ਹੋਵੇਗੀ।

o o o o o o o o o o

"ਵਤਨੋਂ ਦੂਰ" ਦੇ ਮਾਰਚ - ਅਪਰੈਲ ਅੰਕ ਵਿਚ ਛੱਪੇ ਅਜਮੇਰ ਰੋਡੇ ਦੇ ਲੇਖ 'ਅਲੋਚਨਾ ਦੀ ਅਲੋਚਨਾ' ਦੇ ਜਵਾਬ ਵਿਚ 'ਇੰਡੋ - ਕਨੇਡੀਅਨ' ਵਿਚ ਜੋ ਕੁੱਝ ਛਪਿਆ ਹੈ ਉਹ ਪੜ੍ਹ ਕੇ ਹੈਰਾਨੀ ਨਾਲੋਂ ਦੁੱਖ ਜ਼ਿਆਦਾ ਹੁੰਦਾ ਹੈ। ਦੁੱਖ ਇਸ ਗੱਲ ਦਾ ਕਿ ਗੁਰੂਮੇਲ ਨੇ ਆਪਣੇ ਬਾਰੇ ਇਥੋਂ ਇਨਾ ਕੁੱਝ ਛਪਣ ਦਿੱਤਾ ਜਿਸ ਦੇ ਵਿਚ ਕਿ ਉਹਨਾਂ ਨੂੰ ਇਕ ਚੰਗੇ ਭਲੇ ਬੰਦੇ ਤੋਂ 'ਡਾ: ਸਾਹਿਬ' ਬਣਾ ਕੇ ਰੱਖ ਦਿੱਤਾ ਹੈ। ਕੀ ਗੁਰੂਮੇਲ ਬਾਕੀ ਇਨਸਾਨਾਂ ਵਰਗਾ ਇਨਸਾਨ ਨਹੀਂ ? ਕੀ ਉਹ ਬਾਕੀ ਸਾਹਿਤਕਾਰਾਂ ਵਰਗਾ ਸਾਹਿਤਕਾਰ ਨਹੀਂ ? ਸਾਥੀਆਂ ਨੂੰ ਤਾਂ ਇਹੋ ਭੁਲੇਖਾ ਸੀ ਪਰ ਇਹ ਲੇਖ ਪੜ੍ਹ ਕੇ ਇਉਂ ਜਾਪਿਆ ਜਿਵੇਂ ਉਹ ਕੋਈ ਪਹੁੰਚੇ ਹੋਏ 'ਮਹਾਤਮਾ' ਹੋਣ ਜਿਹੜੇ ਦੁਨਿਆਵੀ ਗੱਲਾਂ ਵਿਚ ਹਿੱਸਾ ਨਹੀਂ ਲੈਂਦੇ, ਤੇ ਜਿਹੜੇ ਗੱਲ ਬਾਤ ਕਿਸੇ ਆਪਣੇ ਮੇਚ ਦੇ 'ਮਹਾਤਮਾ' ਨਾਲ ਹੀ ਕਰਦੇ ਹੋਣ। ਤਕਰੀਬਨ ਸਾਰੇ ਲੇਖ ਤੋਂ ਇਹੋ ਪ੍ਰਭਾਵ ਪੈਂਦਾ ਹੈ ਤੇ ਖਾਸ ਕਰ ਅੰਤ ਤੇ ਜਿਥੇ ਲਿਖਿਆ ਹੈ "ਡਾ: ਸਾਹਿਬ ਵਾਟਰਸਕੀ ਦੀ ਇਕ ਦੂਕ ਦੇ ਕੇ ਚੁੱਪ ਹੋ ਗਏ"। ਵਿਚਾਰੇ ਡਾ: ਸਾਹਿਬ।

ਵਤਨੋਂ ਦੂਰ ਵਿਚ ਲੇਖ ਛਾਪਣ ਦਾ ਮਕਸਦ ਸੀ ਕਿ ਗੁਰੂਮੇਲ ਵੱਲੋਂ ਸੰਜੀਦਗੀ ਨਾਲ ਚਲਾਈ ਗੱਲ ਨੂੰ ਅੱਗੇ ਤੋਰਿਆ ਜਾ ਸਕੇ। ਕੀ ਗੁਰੂਮੇਲ ਖੁਦ ਇਹੋ ਨਹੀਂ ਸੀ ਚਾਹੁੰਦਾ? ਚਾਹੀਦਾ ਇਹ ਸੀ ਕਿ ਗੁਰੂਮੇਲ ਅਜਮੇਰ ਦੇ ਲੇਖ ਬਾਰੇ ਆਪਣੇ ਵਿਚਾਰ ਪੇਸ਼ ਕਰਦਾ, ਉਣਤਾਈਆਂ ਕਮਜ਼ੋਰੀਆਂ ਤੇ ਉਂਗਲੀ ਰੱਖਦਾ, ਆਪਣਾ ਪੱਖ ਪੇਸ਼ ਕਰਦਾ ਤਾਂ ਕਿ ਪਾਠਕਾਂ ਨੂੰ ਇਸ ਤੋਂ ਹੋਰ ਜਾਣਕਾਰੀ ਮਿਲਦੀ। ਸ਼ਾਇਦ ਕੋਈ ਪਾਠਕ ਜਾਂ ਹੋਰ ਲੇਖਕ ਵਿਚਾਰ ਵਟਾਂਦਰੇ ਵਿਚ ਹਿੱਸਾ ਵੀ ਲੈਂਦੇ। ਜੇ ਲੇਖ ਲਿਖਣ ਤੋਂ ਗੁਰੂਮੇਲ ਹੋਰਾਂ ਦਾ ਮਕਸਦ ਕੋਈ ਹੋਰ ਸੀ ਤਾਂ ਪਹਿਲਾਂ ਦੱਸ ਦੇਣਾ ਚਾਹੀਦਾ ਸੀ।

ਇਥੇ ਇਹ ਸਪਸ਼ਟਤਾ ਜ਼ਰੂਰ ਹੋਵੇਗਾ ਕਿ ਮੈਂ ਇਹ ਲਿਖ ਕੇ ਅਜਮੇਰ ਦੀ ਜਾਂ ਅਜਮੇਰ ਦੇ ਲੇਖ ਦਾ ਪੱਖ ਪੂਰ ਰਿਹਾ ਹਾਂ। ਜੇ ਇਹ ਲੇਖ ਕਿਸੇ ਹੋਰ ਨੇ ਲਿਖਿਆ ਹੁੰਦਾ ਤਾਂ ਵੀ ਸੰਪਾਦਕ ਦੇ ਨਾਤੇ ਵੱਲੋਂ ਮੈਂ ਇਹੋ ਕੁੱਝ ਲਿਖਣਾ ਸੀ। ਜਿਥੋਂ ਤੱਕ ਅਜਮੇਰ ਦੇ ਲੇਖ ਦਾ ਸੰਬੰਧ ਹੈ ਉਸ ਵਿਚ ਕਈ ਕਮਜ਼ੋਰੀਆਂ ਹਨ। ਉਸ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ ਕਿ ਉਹ ਆਪਣੇ ਆਪ ਨੂੰ ਕਿਸੇ ਇਕ ਅਲੋਚਨਾਤਮਕ ਵਿਧੀ ਨਾਲ ਨਹੀਂ ਜੋੜਦਾ। ਉਹ ਕਦੀ ਮਾਰਕਸਵਾਦ ਤੇ ਕਦੀ ਸਰੰਚਨਾਵਾਦ ਵੱਲ ਝੁਕਦਾ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਦਾ ਹੋਰ ਵੀ ਕਈ ਕੁੱਝ ਉਸ ਲੇਖ ਵਿਚੋਂ ਗੁਰੂਮੇਲ ਹੋਰੀਂ ਬਹਿਸ ਅਧੀਨ ਲਿਆ ਸਕਦੇ ਸਨ। ਪਰ ਗੁਰੂਮੇਲ ਦੇ ਵਤੀਰੇ ਤੋਂ ਜਾਪਦਾ ਹੈ ਕਿ ਉਹਨਾਂ ਇਹ ਲੇਖ ਸਿਰਫ਼ ਆਮ ਪਾਠਕਾਂ ਤੇ ਰੋਅਬ ਪਾਉਣ ਲਈ ਲਿਖਿਆ ਸੀ ਬਹਿਸ ਤਾਂ ਉਹ ਖੁਦ ਸੰਤ ਸਿੰਘ ਸੇਖੋਂ ਜਾਂ ਅਤਰ ਸਿੰਘ ਨਾਲ ਹੀ ਕਰ ਸਕਦੇ ਹਨ।

ਇਹ ਲੇਖ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਗੁਰੂਮੇਲ ਬਾਰੇ ਜੋ ਕੁੱਝ ਤੇ ਜਿਸ ਅੰਦਾਜ਼ 'ਚ ਲਿਖਾ ਗਿਆ ਹੈ ਇਸ ਤੋਂ ਉਸ ਨੇ ਖੁਦ ਵੀ ਹੱਤਕ ਮਹਿਸੂਸ ਕੀਤੀ ਹੋਵੇਗੀ। ਪਰ ਜੇ ਪਿਆਰ ਨਾਲ ਸੋਚਿਆ ਜਾਵੇ ਤਾਂ ਗੁਰੂਮੇਲ ਤਾਂ ਇਸ ਤੋਂ ਖੁਸ਼ ਹੀ ਹੋਇਆ ਹੋਵੇਗਾ। ਇਹ ਗੱਲ 'ਵਤਨੋਂ ਦੂਰ' ਦੇ ਤਜਰਬੇ ਤੋਂ ਕਹੀ ਜਾ ਸਕਦੀ ਹੈ। ਪਾਠਕਾਂ ਨੂੰ ਯਾਦ ਹੋਵੇਗਾ ਕਿ ਕਾਫੀ ਚਿਰ ਨਾਲ ਪਹਿਲਾਂ ਬੀ. ਸੀ. ਦੇ 'ਸਥਾਪਤ' ਲੇਖਕਾਂ ਗੁਰੂਮੇਲ ਰਵਿੰਦਰ ਰਵੀ ਆਦਿ ਦੀਆਂ ਲਿਖਤਾਂ ਵਤਨੋਂ ਦੂਰ ਵਿਚ ਅਕਸਰ ਛਪਦੀਆਂ ਸਨ। ਉਦੋਂ ਇਹਨਾਂ ਬਾਬਤ ਵਤਨੋਂ ਦੂਰ ਵਿਚਾਰਾਂ ਦੇ ਵੱਖਰੇ ਪਨ ਦੇ ਬਾਵਜੂਦ ਵੀ ਇਕ "ਸ਼ੋਰ" ਪੈਦਾ ਹੁੰਦਾ ਸੀ ਕਿਉਂ ਕਿ ਉਸ ਸਮੇਂ ਇਹਨਾਂ ਲੇਖਕਾਂ ਦੀਆਂ ਪੁਰਾਣੀਆਂ ਰਚਨਾਵਾਂ ਇਹਨਾਂ ਦੀਆਂ ਤਸਵੀਰਾਂ ਸਮੇਤ ਆਪ ਵੱਲੋਂ 'ਵਤਨੋਂ ਦੂਰ' ਵਿਚ ਛਾਪ ਦਿੱਤੀਆਂ ਜਾਂਦੀਆਂ ਸਨ। ਪਿਛੋਂ 'ਵਤਨੋਂ ਦੂਰ' ਦੀ ਪਾਲਿਸੀ ਵਿਚ ਇਕ ਤਬਦੀਲੀ ਕਰ ਦਿੱਤੀ ਗਈ ਕਿ ਸਥਾਨਕ ਲੇਖਕਾਂ ਦੀਆਂ ਸਿਰਫ ਮੌਲਿਕ ਰਚਨਾਵਾਂ ਹੀ ਛਾਪੀਆਂ ਜਾਣ। ਇਸ ਦਾ ਸਿੱਟਾ ਇਹ ਨਿਕਲਿਆ ਕਿ ਇਹਨਾਂ ਆਪਣੇ 'ਚੌਧਰਪਨ' ਦੇ ਅਕੜੇਵੇਂ ਵਿਚ ਅਣਛਪੀ ਰਚਨਾ 'ਵਤਨੋਂ ਦੂਰ' ਨੂੰ ਨਹੀਂ ਭੇਜੀ ਤੇ ਨਾ ਹੀ 'ਵਤਨੋਂ ਦੂਰ' ਨੇ ਮੁੜ ਮੁਹਾਰ ਇਹਨਾਂ ਦਾ ਪਾਣੀ ਭਰਿਆ ਹੈ। ਇਉਂ - ਕੈਨੇਡੀਅਨ ਦੇ ਸੰਪਾਦਕ ਵੱਲੋਂ ਲਿਖੇ ਲੇਖ ਤੋਂ ਇਹ ਗੱਲ ਸਾਫ ਜ਼ਾਹਿਰ ਹੋ ਜਾਂਦੀ ਹੈ ਕਿ ਇਹ ਲੇਖਕ ਸਾਹਿਤਕ ਪਰਚਿਆਂ ਤੇ ਅਖਬਾਰਾਂ ਤੋਂ ਕਿਸ ਕਿਸਮ ਦੀ ਆਸ ਰੱਖਦੇ ਹਨ।

ਪਰਚੇ ਤੇ ਅਖਬਾਰਾਂ ਲੋਕਾਂ ਲਈ ਕੱਢੇ ਜਾਂਦੇ ਹਨ। ਇਹਨਾਂ ਰਾਹੀਂ ਲੇਖਕਾਂ ਤੇ ਪਾਠਕਾਂ ਵਿਚ ਤਾਲ ਮੇਲ ਹੁੰਦਾ ਹੈ। ਆਲੇ ਦੁਆਲੇ ਵਾਪਰਦੀਆਂ ਘਟਨਾਵਾਂ ਦੀ ਸਹੀ ਜਾਣਕਾਰੀ ਹੁੰਦੀ ਹੈ ਜਾਂ ਹੋਣੀ ਚਾਹੀਦੀ ਹੈ। ਇਹਨਾਂ ਦਾ ਕੰਮ ਲੋਕਾਂ ਨੂੰ ਸਿਹਤਮੰਦ ਸਾਹਿਤ ਤੇ ਸਹੀ ਜਾਣਕਾਰੀ ਦੇਣਾ ਹੁੰਦਾ ਹੈ। ਇਹਨਾਂ ਪਰਚਿਆਂ ਤੇ ਅਖਬਾਰਾਂ ਨੂੰ ਖੁਦ ਨੂੰ ਉਤਾਂਹ ਚੁੱਕਣ ਵਰਗੇ ਸੌੜੇ ਹਿੱਤਾਂ ਲਈ ਵਰਤਣਾ ਖਾਸ ਕਰ ਸਾਹਿਤਕਾਰਾਂ ਲਈ ਸ਼ੋਭਾ ਨਹੀਂ ਦੇਂਦਾ। ਖੁਦ ਪਰਚੇ ਅਖਬਾਰਾਂ ਕੱਢਣ ਵਾਲਿਆਂ ਨੂੰ ਵੀ ਇਸ ਕਿਸਮ ਦੀਆਂ ਹਰਕਤਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ।

ਕੈਨੇਡਾ ਵਿਚਲੇ ਪੰਜਾਬੀ ਲੇਖਕਾਂ ਤੇ ਪਾਠਕਾਂ ਨੂੰ ਕਾਫੀ ਚੇਤੰਨ ਹੋਣ ਦੀ ਲੋੜ ਹੈ। ਸਾਹਿਤ ਰਚਨਾ ਦੇ ਨਾਲ ਨਾਲ ਰਚੇ ਗਏ ਸਾਹਿਤ ਬਾਰੇ ਵੀ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ ਤਾਂ ਕਿ ਕੋਈ ਸਹੀ ਸੇਧ ਲੱਭੀ ਜਾ ਸਕੇ। ਕੋਈ ਸਾਰਥਕ ਗੱਲ ਕੀਤੀ ਜਾ ਸਕੇ। ਵੱਖਰੇ ਵੱਖਰੇ ਵਿਚਾਰਾਂ ਦੀ ਟੱਕਰ ਤੋਂ ਹੀ ਨਵੇਂ ਵਿਚਾਰ ਪੈਦਾ ਹੁੰਦੇ ਹਨ। ਗੁਰੂਮੇਲ ਹੋਰਾਂ ਦਾ ਸੰਜੀਦਗੀ ਨਾਲ ਲਿਖਿਆ ਲੇਖ ਪੜ੍ਹ ਕੇ ਖੁਸ਼ੀ ਹੋਈ ਸੀ ਤੇ ਆਸ ਸੀ ਕਿ ਸ਼ਾਇਦ ਇਸ ਤੋਂ ਕਿਸੇ ਸਾਰਥਕ ਬਹਿਸ ਦਾ ਮੁੱਢ ਬੱਝੇਗਾ। ਇਸੇ ਕਰਕੇ ਗੁਰੂਮੇਲ ਹੋਰਾਂ ਦਾ ਫਰਜ਼ ਬਣਦਾ ਸੀ ਕਿ ਉਹ ਆਪਣੀ ਚਲਾਈ ਹੋਈ ਗੱਲ ਬਾਤ ਨੂੰ ਅੱਗੇ ਤੋਰਦੇ ਪਰ ਇਸ ਤਰ੍ਹਾਂ ਉਹ ਦਸਤਖ਼ਤੀ ਦੀ ਟੇਕ ਦੇ ਕੇ ਚੁੱਪ ਹੋ ਗਏ ਹਨ ਇਸ ਤੋਂ ਕੋਈ ਵਧੀਆ ਆਸ ਨਹੀਂ ਬੱਝਦੀ।

- ਸਾਧੂ

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ

* ਮੈਂ ਛੇ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਉ।
* ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ।

## ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਜ਼ਿੱਪ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫ਼ੋਨ ਨੰਬਰ
ਜ਼ਰੂਰ ਭੇਜੋ।



ਮਿੰਨੀ ਕਹਾਣੀਆਂ:

## ਰਖਸ਼ਾ

ਰਣਜੀਤ ਕੋਮਲ / ਅੰਮ੍ਰਿਤਸਰ

ਉਸ ਦੀ ਨਿਯੁਕਤੀ ਤਾਂ ਉਨ੍ਹਾਂ ਦੀ ਸੁਰੱਖਿਆ ਲਈ ਕੀਤੀ ਗਈ ਸੀ, ਪਰ ਉਨ੍ਹਾਂ ਨੂੰ ਕਮਜ਼ੋਰ ਦੇਖ ਕੇ ਲਾਲਚ ਆ ਗਿਆ। 'ਇਨ੍ਹਾਂ ਜੋਗ ਕੀ ਇਲਾਜ ਹੈ?' ਸੋਚ ਕੇ ਰਾਖੇ ਨੇ ਕੀੜੀਆਂ ਦੇ ਬੱਚੇ ਅਤੇ ਉਨ੍ਹਾਂ ਦੇ ਇਕੱਠੇ ਕੀਤੇ ਅਨਾਜ ਨੂੰ ਖਾਣਾ, ਅਪਣਾਉਣਾ, ਤੇ ਰੋਲਣਾ ਸ਼ੁਰੂ ਕਰ ਦਿੱਤਾ। ਸਬਰ ਦੀ ਵੀ ਇਕ ਹੱਦ ਹੁੰਦੀ ਹੈ ਪਰ ਕਮਜ਼ੋਰ ਦੀ ਰਾਖੇ ਅੱਗੇ ਕੀ ਚਲਦੀ ਹੈ? ਕੀੜੀਆਂ ਦੀ ਇਹਨੀ ਮੁਸ਼ਕਲਾਂ ਤੇ ਉਸ ਦੇਸ ਨੂੰ ਰੋਕੀਆਂ ਨਾਲ ਉਨ੍ਹਾਂ ਨੇ ਉਸਨੂੰ ਆਪਣੇ ਹਾਲ ਸੁਣਾ ਦਿੱਤਾ ਸੀ। ਆਖ਼ਰ ਇਕ ਇਨਕਲਾਬੀ ਵਿਚਾਰ ਨੇ ਉਨ੍ਹਾਂ ਦੇ ਮਨ 'ਚ ਜਨਮ ਲਿਆ ਕਿ ਕਿਉਂ ਨਾ ਅਸੀਂ ਆਪਣੇ ਦੁਸ਼ਮਣ ਤੋਂ ਛੁਟਕਾਰਾ ਪਾਈਏ। ਸਰਬ ਸੰਮਤੀ ਨਾਲ ਫੈਸਲਾ ਕਰਕੇ ਉਹ ਰਾਖੇ ਵੱਲ ਵਧੀਆਂ। ਕੁਝ ਡਰ ਕੁਝ ਸਹਿਮ, ਵਾਤਾਵਰਣ ਵਿਚ ਛਾਇਆ ਹੋਇਆ ਸੀ। ਜਿਸ ਨੂੰ ਰਾਖੇ ਦੀ ਤਾਕਤੀ ਤੋੜਨੀ ਨੇ ਚਾਹਿਆਂ ਸਹਿਮ ਤੇ ਫਿਰ ਗੁੱਸੇ ਵਿਚ ਬਦਲ ਦਿੱਤਾ।

'ਫੜ ਲਓ... ਫੜ ਲਓ... ਮਾਰ ਦਿਉ... ਮਾਰ ਦਿਉ...।'

ਦੇ ਨਾਅਰੇ ਹੇਠ ਕੀੜੀਆਂ ਦਾ ਝੁੰਡ ਰਾਖੇ ਵੱਲ ਵਧਿਆ ਅਤੇ ਉਤਸ਼ਾਹ ਵਿਚ ਰਾਖੇ ਦੀ ਪਰਵਾਹ ਨਾ ਕੀਤੀ। ਜਿਸ ਵਿਚ ਪੰਜੇਬ ਉਤਾਰੀ ਨਾ / ਮਾਰ ਗਿਆ। ੦੦੦

## ਲੋਕ ਸੇਵਾ / ਕੁਲਦੀਪ ਉੱਪਲ/ਫੈਜ਼ਪੁਰ

ਐਂਤਕੀ ਅਸੈਂਬਲੀ ਇਲੈਕਸ਼ਨ ਲੜਨ ਦਾ ਸਰਪੰਚ ਸਾਹਿਬ ਦਾ ਪੂਰਾ ਇਰਾਦਾ ਸੀ। ਇਸ ਲਈ ਉਹ ਆਪਣੇ ਪਿੰਡ ਅਤੇ ਹਲਕੇ ਦੇ ਲੋਕਾਂ ਲਈ ਕੁਝ ਕਰਨਾ ਚਾਹੁੰਦੇ ਸਨ। ਇਸ ਕੰਮ ਦਾ ਫੈਸਲਾ ਕਰਨ ਲਈ ਉਨ੍ਹਾਂ ਆਪਣੇ ਖਾਸ ਖਾਸ ਬੰਦੇ ਬੁਲਾਏ।

"ਪਿੰਡ ਵਿਚ ਸੈਲ ਘਰ ਬਣਵਾ ਦਿਉ" ਇਕ ਨੇ ਸੁਝਾਅ ਦਿੱਤਾ।

ਉਹਦਾ ਕੀ ਫਾਇਦਾ। ਆਪਣੇ ਸਾਰੀ ਜਿਸੇ ਸੈਲ ਦਾ ਉਤਾਰਾ ਕਰਨ ਲਈ ਆਪਣੀ ਹਵੇਲੀ ਖੋਲ੍ਹੀ ਹੈ। ਉਸ ਦੀ ਸ਼ਹਿਰ (ਸਰਪੰਚ ਸਾਹਿਬ ਦੀ ਇਕਲੌਤੀ ਲੜਕੀ) ਦਾ ਇਸ਼ਾਰਾ ਤਾਂ ਸਾਹਿਬ ਜਿਸੇ ਵੱਲ ਲੋਟਸ ਵਿਚ ਕਰਾਂਗੇ। ਇੱਕੋ ਇਕ ਤਾਂ ਕੁੜੀ ਹੈ। ਸਰਪੰਚ ਹੁਣਾਂ ਇਸ ਸਾਰੀਆਂ ਸੁਝਾਅ ਦਿੱਤਾ।

"ਹਸਪਤਾਲ ਖੁਲ੍ਹਵਾ ਦਿਉ" ਇਕ ਹੋਰ ਨੇ ਆਪਣਾ ਸੁਝਾਅ ਦਿੱਤਾ।

"ਹਾਂ, ਐਂਵੇ ਬਿਮਾਰੀ ਨੇ ਲਾਈਲ ਛੱਡੀ. ਛੱਡੀ ਇਹਨਾ ਕਰਨਾ। ਆਪਾਂ ਨੂੰ ਇਹਦੀ ਕੋਈ ਲੋੜ ਨਹੀਂ। ਪਰ ਤਾਂ ਜਦੋਂ ਕੋਈ ਬਿਮਾਰ ਹੋਏ ਸ਼ਹਿਰੋਂ ਡਾਕਟਰ ਆ ਇਲਾਜ ਕਰ ਜਾਂਦਾ।"

"ਕੁੜੀਆਂ ਕੁੜੀਆਂ ਦਾ ਕਾਲਜ ਖੁਲ੍ਹਵਾ ਦਿਉ" ਤੀਜਾ ਬੰਦਾ ਸੋਚ ਕੇ ਬੋਲਿਆ।

"ਸਰਪੰਚ ਹੁਣਾਂ ਪਲ ਕੁ ਮੱਥੇ ਉਪਰ ਉਂਗਲਾਂ ਰੱਖ ਸੋਚਿਆ। ਫੇਰ ਖ਼ੁਸ਼ੀ ਭਰਿਆਂ ਕਿਹਾ "ਇਹ ਠੀਕ ਆ।" ਇਹ ਉਸੇ ਆਪਣੇ ਸਾਲੇ ਨੂੰ (ਜਿਹੜਾ ਤੀਜੇ ਸਾਲ ਐਮ.ਏ. ਫੇਲ ਸੀ) ਪ੍ਰਿੰਸੀਪਲ ਬਣਾਵਾਂਗੇ। ਇਸ ਤੋਂ ਬਾਅਦ ਉਹ ਇਸ ਸਕੀਮ ਨੂੰ ਪੂਰਾ ਕਰਨ ਲਈ ਵਿਚਾਰ ਕਰਨ ਲੱਗੇ। ੦੦੦

## ਇਹ ਸਮਾਂ ਉਹ ਸਮਾਂ / ਜਗਦੇਵ ਜਟਾਣਾ/ਕੋਟ ਫੱਤਾ

"ਨਾ ਮੇਰਾ ਸੋਹਣਾ ਪੁੱਤਰ, ਬੱਸ ਇਕ ਬੁਰਕੀ ਹੋਰ ਖਾ ਲੈ।" ਤਰੇਲ ਵਰਗੀ ਅਵਾਜ਼ ਉਸ ਦੀ ਪਤਨੀ ਦੀ ਸੀ। ਪਰ ਇਹ ਕੀ? ਦੂਸਰੀ ਵੇਰ ਉਸੇ ਆਵਾਜ਼ ਵਿਚ ਤਰਪੂਰ ਸੀ। ਤੈਨੂੰ ਇਹ ਇਲਮ ਕਰਨੀ ਹੀ ਪੈਂਦੀ ਹੈ ਦਰਸਨਾ......।

ਪਰ ਦੂਸਰੀ ਵਿਚ ਅਤੇਲ ਪ੍ਰਤਸ ਸਾਲ ਤੇ ਅਜੇ ਹੋਈ ਸੀ। ਬੱਚਿਆਂ ਦੇ ਥੀਏ ਪਏ ਤੇ ਪਾਣੀ ਫੇਰਾ ਕੋਈ ਅਸਰ ਨਹੀਂ ਸੀ ਹੋਇਆ। ਸਾਰੇ ਦਿਨ ਦਾ ਥੱਕਿਆਂ ਸਾਲ ਫੇਰਾ ਹੋਇਆ ਉਸ ਨੂੰ ਪਰ ਦਫ਼ਤਰ ਦੇਖ ਪਤਨੀ ਉਸ ਨੂੰ ਸੰਬੋਧਨ ਹੋਈ "ਤੁਸੀਂ ਵੀ ਇਹਨਾਂ ਨੂੰ ਕੁੱਝ ਨਹੀਂ ਕਹਿੰਦੇ, ਸਾਰਾ ਦਿਨ ਕੁੱਝ ਨਹੀਂ ਖਾਂਦੀਆਂ।" ਪਰ ਉਹਦੇ ਕੋਲ ਵੀ ਅਜਿਹਾ ਕੋਈ ਹਥਿਆਰ ਨਹੀਂ ਸੀ ਜੋ ਇਹਨੇ ਕਾਰ-ਗਰ ਸਾਬਤ ਹੋ ਸਕਦਾ। ਹੋਰਨਾ ਇਹੀ ਦਵਾ ਇਹੀ ਦੁਆਈ ਸੀ ਇਹਨੇ ਤਾਂ, ਪਰ ਅੱਜ ਤਾਂ ਦੋਵਾਂ ਧੀਆਂ ਦੇ ਸੋਹਣੇ ਮੱਥੇ ਹੋਏ ਸਨ। ਬੱਚੇ ਅਤੇ ਪਤਨੀ ਪੂਰੀ ਜਿੱਦ ਤੇ ਅੜੇ ਹੋਏ ਸਨ ਪਰ ਉਹ ਚੁੱਪ ਤੁਰਿਆ ਸੀ ਆਪਣੇ ਬਚਪਨ ਵੱਲ।

ਜਿਵੇਂ ਉਹਦਾ ਬੁੱਢਾ ਪਿਉ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਇਆ ਜਦ ਘਰ ਮੁੜਦਾ ਸੀ ਤਾਂ ਉਹਦਾ ਸੁਆਗਤ ਕਰਦਾ ਸੀ ਆਟੇ ਦਾ ਖ਼ਾਲੀ ਪੀਪਾ ਤੇ ਵੀ ਅਣਿਆਂ ਕਰਿੰਦਾ ਸੀ ਰੋਟੀਆਂ ਦੀ ਚੰਗੇਰੀ ਦਾਣਾ ਖਾਲੀ ਰਹੂਗਾ। ਆਹ! ਕਿਵੇਂ ਇਕੋ ਦਰਦਨਾਕ ਹੋਏ ਸਨ ਉਸ ਪਵਿੱਤਰ ਆਤਮਾ ਦੇ ਤੇ ਪਰਵਾਰ ਦੇ ਭੁੱਖੇ ਢਿੱਡਾਂ ਦੀ ਭੁੱਖ ਮਿਟਾਉਣ ਪਾਣੀ ਤੇ ਜਿੰਦਗੀ ਸੀ। ਉਹ ਸੋਚ ਰਿਹਾ ਸੀ ਕਾਸ਼! ਇਹ ਸਮਾਂ ਤੇ ਉਹ ਸਮਾਂ ਇੱਕ ਸਕਦੇ। ੦੦੦

# ਬਹਿਰੀਨ ਤੋਂ ਇਕ ਖ਼ੱਤ

(ਇਕ ਦੋਸਤ ਤੇ 'ਵਤਨੋਂ ਦੂਰ' ਦੇ ਪਾਠਕ ਜੋ ਅੱਜ ਕੱਲ ਕੋਈ ਸਦੀ[?] ਬਹਿਰੀਨ ਗਏ ਹੋਏ ਹਨ, ਕੋਲੋਂ ਅਸੀਂ ਉਥੋਂ ਦੇ ਹਾਲਾਤ ਬਾਰੇ ਜਾਣਕਾਰੀ ਪੁਛੀ ਸੀ। ਇਸ ਖੱਤ ਵਿਚ ਉਹਨਾਂ ਉਥੇ ਭਾਰਤੀ ਲੋਕਾਂ ਦੀ ਹਾਲਤ ਤੇ ਸੰਖੇਪ ਵਿਚ ਚਾਨਣਾ ਪਾਇਆ ਹੈ। ਜੇ ਬਹਿਰੀਨ ਜਾਂ ਹੋਰ ਅਰਬ ਮੁਲਕਾਂ ਵਿਚ ਕੰਮ ਕਰਨ ਗਏ ਲੋਕਾਂ ਬਾਰੇ ਕਿਸੇ ਪਾਠਕ ਨੂੰ ਜ਼ਿਆਦਾ ਜਾਣਕਾਰੀ ਹੋਵੇ ਤਾਂ ਸਾਨੂੰ ਲਿਖੋ ਅਸੀਂ ਛਾਪ ਕੇ ਖੁਸ਼ ਹੋਵਾਂਗੇ - ਸੰਪਾਦਕ)

.....ਤੁਹਾਡਾ ਖੱਤ ਅਤੇ 'ਵਤਨੋਂ ਦੂਰ' ਪੜ੍ਹਨਾ ਮਿਲ ਗਿਆ ਸੀ। ਤੁਸੀਂ ਬਹੁਤ ਉਦਮ ਕਰਕੇ ਤੇ ਤਕਲੀਫ਼ਾਂ ਝਾਗੀਆਂ ਲਿਖਤਾਂ ਹੀ ਅਗਾਂਹ ਵਧੂ ਸਮਝ ਦਾ ਪ੍ਰਗਟਾਵਾ ਕਰਦੀਆਂ ਹਨ। ਤੁਹਾਡੀ ਨਸਲੀ ਸਮੱਸਿਆ ਬਾਰੇ ਲਿਖਤ ਪੜ੍ਹਨ ਤੇ ਬਹੁਤ ਚੰਗੀ ਲੱਗੀ ਹੈ ਕਿਉਂਕਿ ਸਾਨੂੰ ਵੀ ਇਥੇ ਨਸਲੀ ਸਮੱਸਿਆਂ ਨੂੰ ਸਨਮੁੱਖ ਰੱਖ ਕੇ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਥੇ ਸਾਡੇ ਨਾਲ ਵਿਦੇਸ਼ੀ ਅਤੇ ਗੈਰਧਰਮੀ ਹੋਣ ਨਾਤੇ ਬਹੁਤ ਵਿਤਕਰਾ ਹੁੰਦਾ ਹੈ।

ਤੁਸੀਂ ਸਾਨੂੰ ਅਰਬ ਦੇਸ਼ਾਂ 'ਚ ਰਹਿੰਦੇ ਭਾਰਤੀਆਂ ਜਾਂ ਆਪਣੇ ਲੋਕਾਂ ਦੀ ਹਾਲਤ ਜਾਨਣ ਬਾਰੇ ਪੁੱਛਿਆ ਸੀ। ਵੀਰ, ਸਾਡੇ ਲੋਕਾਂ ਨੂੰ ਇਥੇ ਇਤਨੀਆਂ ਜ਼ਿਆਦਾ ਤਕਲੀਫ਼ਾਂ ਹਨ ਕਿ ਅਗਰ ਮੈਂ ਲਿਖਣਾ ਚਾਹਾਂ ਤਾਂ ਇਤਨੀਆਂ ਹਨ ਕਿ ਲਿਖਣੀਆਂ ਮੁਸ਼ਕਲ ਹਨ। ਫਿਰ ਮੈਂ ਸੰਖੇਪ ਵਿਚ ਕੁਝ ਕੁ ਲਿਖਾਂਗਾ।

ਸਭ ਤੋਂ ਪਹਿਲਾਂ, ਗੱਲ ਇਹ ਹੈ ਕਿ ਜਿੰਨੇ ਵੀ ਲੋਕ ਇਥੇ ਆਉਂਦੇ ਹਨ ਉਹ ਕਿਸੇ ਨਾ ਕਿਸੇ ਕੰਪਨੀ, ਠੇਕੇਦਾਰ ਜਾਂ AUTHORITY ਦੇ ਅਧੀਨ ਆਉਂਦੇ ਹਨ। ਸਾਡੇ ਆਦਮੀ ਜਿਸ ਵੀ ਮਾਲਕ ਦੇ ਅਧੀਨ ਆਉਂਦੇ ਹਨ ਸਿਰਫ਼ ਉਹਨਾਂ ਦੇ ਅਧੀਨ ਹੀ ਰਹਿ ਸਕਦੇ ਹਨ। ਜਿੰਨਾ ਚਿਰ ਮਾਲਕ ਦੀ ਮਰਜ਼ੀ ਹੈ ਉਹ ਬਹਿਰੀਨ ਰਹਿ ਸਕਦੇ ਹਨ। ਜਦੋਂ ਮਾਲਕ ਦੀ ਮਰਜ਼ੀ ਨਾ ਹੋਵੀ ਉਹ ਨਹੀਂ ਰਹਿ ਸਕਦੇ। ਕੰਮ ਨਾਲ ਵੀ ਸਿਰਫ਼ ਉਸੇ ਮਾਲਕ ਦਾ ਕਰਨਗੇ ਜਿਸਦੀ ਮਲਕੀਅਤ ਬਣਕੇ ਉਹ ਆਏ ਹਨ। ਹੋਰ ਕਿਧਰੇ ਉਹ ਕੰਮ ਨਹੀਂ ਕਰ ਸਕਦੇ। ਮਾਲਕ ਜੋ ਦੇਵੇਗਾ ਉਹ ਹੀ ਲੈਣਾ ਪਵੇਗਾ। ਇਸ ਕਰਕੇ ਗੁਲਾਮੀ ਬਹੁਤ ਜ਼ਿਆਦਾ ਹੈ। ਲੋਕਾਂ ਵਿਚ ਡਰ ਤੇ ਸਹਿਮ ਬਹੁਤ ਜ਼ਿਆਦਾ ਰਹਿੰਦਾ ਹੈ। ਡਰ ਸਹਿਮ ਤਾਂ ਇਤਨਾ ਵੱਧ ਹੁੰਦਾ ਹੈ ਕਿ ਤੁਸੀਂ ਅਨੁਮਾਨ[?] ਨਹੀਂ ਕਰ ਸਕੋਗੇ। ਇਸ ਦਾ ਮੁੱਖ ਕਾਰਨ ਇਹ ਹੈ ਕਿ ਮਾਲਕ ਥੋੜ੍ਹਾ ਵੀ ਨਾਰਾਜ਼ ਹੋ ਗਿਆ ਤਾਂ ਦੂਸਰਾ ਕੋਈ ਚਾਰਾ ਨਹੀਂ ਕਿਧਰੇ ਰੁਜ਼ਗਾਰ ਮਿਲ ਸਕੇ ਸਿਰਫ਼ ਆਪਣੇ ਆਪਣੇ ਵਤਨ ਜਾਣ ਦੇ।

ਇਸ ਉਪਰੋਕਤ ਗੁਲਾਮੀ ਦੇ ਕਾਰਨ ਅਨੇਕਾਂ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ ਕਿ ਅਗਰ ਹਰ ਆਦਮੀ ਦੀ ਹੱਡ ਬੀਤੀ ਲਿਖੀ ਜਾਏ ਤਾਂ ਸ਼ਾਇਦ ਕਿਤਾਬਾਂ ਹੀ ਨਾ ਮੁੱਕ ਸਕਣ। ਮੇਰਾ ਮਤਲਬ ਇਥੇ ਸਾਡੇ ਆਦਮੀ ਮਾਲਕਾਂ ਦੀ ਨਿਜੀ ਮਲਕੀਅਤ ਤੋਂ ਵੱਧ ਆਪਣੀ ਕੋਈ ਹੋਂਦ ਨਹੀਂ ਰੱਖ ਸਕਦੇ ਅਗਰ ਰੱਖਣ ਦੀ ਜੁਅੱਰਤ ਹੋਵੇ ਵੀ ਤਾਂ ਇਥੇ ਰਹਿ ਨਹੀਂ ਸਕਦੇ। ਸਗੋਂ ਹੋਰ ਕਿੰਨੀਆਂ ਹੀ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ।

ਇਸ ਕਰਕੇ ਇਥੇ ਮਜ਼ਦੂਰੀ ਦਾ ਕੋਈ ਫ਼ਿਕਸੇਸ਼ਨ[?] ਨਹੀਂ ਹੈ, ਜਿਵੇਂ ਕਿਸੇ ਮਾਲਕ ਦੀ ਮਨਮਰਜ਼ੀ ਦੀ ਪਾਲਸੀ ਹੋਵੇ ਉਸ ਮੁਤਾਬਕ ਸਾਨੂੰ ਰਹਿਣਾ ਪੈਂਦਾ ਹੈ। ਜਿੰਨੀ ਉਹ ਸਾਡੇ ਤਨਖਾਹ ਮਿੱਥਦਾ ਹੈ ਜੋ ਹਰ ਕੰਮ ਕਰਨ ਵਾਲੇ ਨੂੰ ਸਵੀਕਾਰ ਕਰਨੀ ਪੈਂਦੀ ਹੈ। ਔਸਤਨ ਤਨਖਾਹਾਂ ਬਹੁਤ ਘੱਟ ਹਨ, ਜਿਨ੍ਹਾਂ ਦੀ ਵਜ੍ਹਾ ਕਾਰਨ ਲੋਕ ਚੰਗਾ ਖਾ ਪੀ, ਪਹਿਨ ਨਹੀਂ ਸਕਦੇ ਅਤੇ ਕੋਈ ਖਾਸ ਬੱਚਤ ਵੀ ਨਹੀਂ ਕਰ ਸਕਦੇ। ਮਕਾਨ ਇੰਨੇ ਔਖੇ ਹਨ ਕਿ ਬਿਲਕੁਲ ਛੋਟੇ 2 ਕਮਰੇ ਵਿਚ 6/7 ਆਦਮੀ ਰਹਿੰਦੇ ਹਨ।

ਬਹੁਤੇ ਲੋਕ ਤਾਂ ਘੱਸ ਵਟੀ ਕਰਨ ਦੇ ਹਿਸਾਬ ਜੀਵਨ ਬਤੀਤ ਕਰਦੇ ਹਨ। ਕਈ ਆਖਦੇ ਹਨ - ਇਸ ਨਾਲੋਂ ਤਾਂ ਇੰਡੀਆ ਚੰਗੇ ਸੀ। ਕੋਈ ਆਖਦਾ ਹੈ — ਜੈਸਾ ਕੰਮ ਉਥੇ ਕਰਦੇ ਤਾਂ ਇਸ ਨਾਲੋਂ ਦੁਗਣਾ ਕਮਾ ਸਕਦੇ ਸੀ। ਕੋਈ ਆਖਦਾ - ਅਸੀਂ ਤਾਂ ਇੰਡੀਆ ਪੂਰਾ ਸਮਾਂ ਕੰਮ ਹੀ ਨਹੀਂ ਸੀ ਕਰਦੇ, ਛੁੱਟੀਆਂ ਵੀ ਬਥੇਰੀਆਂ ਕਰ ਲਈਦੀਆਂ ਸੀ। ਜੇਕਰ ਇਥੋਂ ਵਾਂਗ ਉਥੇ ਛੁੱਟੀ ਨਾ ਕਰੀਏ ਤਾਂ ਉਥੇ ਜ਼ਿਆਦਾ ਘਾਟਾ ਸੀ। ਕੋਈ ਆਖਦਾ ਜਿਹੜਾ ਬਹਿਰੀਨ ਦੇ ਸਾਲ ਰਹਿ ਗਿਆ ਆਪਣੀ 12 ਸਾਲ ਉਮਰ ਘਟਾ ਗਿਆ। ਮਤਲਬ ਅਨੇਕਾਂ ਹੀ ਅਜੇਹੇ ਭਾਵਾਂ, ਅਰਥਾਂ ਵਾਲੀਆਂ ਬੋਲੀਆਂ ਬੋਲ ਕੇ ਲੋਕ ਆਪਣੀ ਦਿਨ ਕਟੀ ਕਰਦੇ ਹਨ।

ਇਥੇ ਲੋਕ ਬਹੁਤ ਭੀੜੀਆਂ, ਗੰਦੀਆਂ ਥਾਵਾਂ ਤੇ ਰਹਿ ਕੇ ਗੁਜ਼ਾਰਾ ਕਰਦੇ ਹਨ ਤਾਂ ਕਿ ਕਿਰਾਏ ਦੇਣ ਥੋੜ੍ਹੇ ਮੁਸ਼ਕਲ ਨਾ ਹੋ ਜਾਣ। ਖਾਣਾ ਪੀਣਾ ਇੰਨਾ ਘਟੀਆ ਹੈ ਕਿ ਜਿੰਨਾ ਕਹਿ ਸਕੀਏ। ਖਾਣ ਪੀਣ ਤੋਂ ਮਤਲਬ - ਹਰ ਸਬਜ਼ੀ ਇਤਨੀ ਮਹਿੰਗੀ ਹੈ ਕਿ ਸਾਡੇ ਲੋਕਾਂ ਚੋਂ ਕੋਈ ਆਦਮੀ ਕਦੇ ਕਿਸੇ ਖਾਸ ਦਿਨ ਹੀ ਖਰੀਦਦਾ ਹੋਵੇਗਾ। ਉਹ ਵੀ ਤਾਂ ਜੇਕਰ ਪੰਜ ਸੱਤ ਰਲ ਕੇ ਇਕੱਠੀ ਕੋਈ ਤਿਆਰ ਕਰਦੇ ਹੋਣ। ਮਤਲਬ ਲੇਬਰ ਦੀ ਤਨਖਾਹ ਦਾ ਰੇਟ ਔਸਤਨ 15 ਜਾਂ 17 ਰੁਪਏ ਬਹਿਰੀਨੀ ਹੈ ਜੋ ਇੰਡੀਆ ਦੇ 30 ਰੁਪਏ ਬਣਦੇ ਹਨ। ਹਰੀ ਸਬਜ਼ੀ 20 ਤੋਂ 30 ਰੁਪਏ (ਬਹਿਰੀਨੀ) ਕਿਲੋ ਰਹਿੰਦੀ ਹੈ, ਖਾਣਾ ਸਿਰਫ਼ ਸੁੱਕੀਆਂ ਦਾਲਾਂ ਹੀ ਹਨ ਜਾਂ ਸਬਜ਼ੀਆਂ ਦੇ ਬੰਦ ਡੱਬੇ ਜੋ ਕਈਆਂ ਕਈਆਂ ਸਾਲਾਂ ਦੇ ਪੈਕ ਹੋਏ, ਸਟੋਰਾਂ ਵਿਚ ਸੜਦੇ ਹੋਏ, ਸਾਡੇ ਲੋਕਾਂ ਦੀ ਗੰਢੀ 'ਚ ਪਚਾਏ ਜਾਣ ਦਾ ਕਾਰਨ ਬਣਦੇ ਹਨ।

ਆਮ ਤੌਰ ਤੇ ਲੋਕ ਚੋਰੀ ਛਿਪ ਕੇ ਬਾਹਰ ਲੋਕਾਂ ਦਿਆਂ ਘਰਾਂ ਦੇ ਕੰਮ ਕਰਦੇ ਹਨ ਤਾਂ ਕਿ ਇੰਡੀਆ ਗਿਆਂ ਤੇ ਲੋਕਾਂ ਦੀਆਂ ਮਸ਼ਕਰੀਆਂ ਤੋਂ ਬਚ ਸਕਣ। ਭਾਵ, ਕੁਝ ਪੈਸਾ ਜੋੜ ਸਕਣ। ਚੋਰੀ ਕੰਮ ਜੋ ਕਰਦੇ ਹਨ ਉਹ ਹਨ ਲੋਕਾਂ ਦੇ ਸਸਤੇ ਰੇਟ ਤੇ ਮਕਾਨ ਤਿਆਰ ਕਰਨੇ ਜਾਂ ਪੁਰਾਣੇ ਮਕਾਨਾਂ ਦੀ ਮੁਰੰਮਤ ਕਰਨੀ। ਇਦਾਂ ਜਿਹੜਾ ਕੰਮ ਜ਼ਿਆਦਾ ਨਹੀਂ ਕਰਦਾ ਬੱਸ ਉਹ ਬਾਹਰ ਆਇਆ ਜਾਂ ਨਾ ਆਇਆ। ਮਤਲਬ ਜਿਹੜਾ 8/10 ਘੰਟੇ ਮਾਲਕ ਦੇ ਅੰਦਰ ਰਹਿ ਕੇ ਕੰਮ ਕਰਨ ਤੋਂ ਬਾਅਦ ਬਾਹਰ ਅੱਧੀ ਅੱਧੀ ਰਾਤ ਤੱਕ ਕੰਮ ਨਹੀਂ ਕਰਦਾ ਉਸਨੂੰ ਕੋਈ ਬੱਚਤ ਨਹੀਂ ਹੁੰਦੀ।

ਬਾਹਰ ਕੰਮ ਮਾਲਕ ਤੋਂ ਚੋਰੀ ਲੱਭਿਆ ਅਤੇ ਕੀਤਾ ਜਾਂਦਾ ਹੈ। ਮਾਲਕ ਨੂੰ ਸ਼ੱਕ ਤੱਕ ਨਹੀਂ ਹੋਣੀ ਚਾਹੀਦੀ ਕਿ ਉਸਦਾ ਆਦਮੀ ਬਾਹਰ ਕੰਮ ਕਰਦਾ ਹੈ। ਕਈ ਵਾਰੀ ਉਸੇ ਮਾਲਕ ਦਾ ਦੂਸਰਾ ਆਪਣਾ ਆਦਮੀ (ਆਪਸੀ ਖਾਰ ਕਰਕੇ) ਉਸਨੂੰ ਦਸ ਦਿੰਦਾ ਹੈ ਜਾਂ ਚੁਗਲੀ ਕਰ ਦਿੰਦਾ ਹੈ। ਫੇਰ ਬਚਣ ਦਾ ਦੂਸਰਾ ਕੋਈ ਉਪਾ ਨਹੀਂ ਬੱਸ ਮਿੰਨਤ ਤਰਲਾ ਕਰਕੇ ਬਚ ਸਕਦਾ ਹੈ ਤਾਂ ਭਾਵੇਂ ਬਚੇ। ਇਸ ਤਰ੍ਹਾਂ ਜਿਹਨਾਂ

8 ਲੋਕਲ ਲੋਕਾਂ ਦਾ ਕੰਮ ਕਰਦੇ ਹਨ ਉਹਨਾਂ ਮਰਦਾਂ ਨੂੰ ਪਤਾ ਹੁੰਦਾ ਹੈ ਕਿ ਇਹ ਪਾਕੀ ਜਾਂ ਇੰਡੀਅਨ ਲੋਕ ਚੋਰੀ ਕੰਮ ਕਰਦੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਉਹ ਕੰਮ ਬਹੁਤ ਸਸਤਾ ਕਰਵਾਉਂਦੇ ਹਨ। ਦੂਸਰਾ, ਜੇਕਰ ਉਨ੍ਹਾਂ ਦੀ ਮਰਜ਼ੀ ਹੋਵੇ ਤਾਂ ਪੈਸੇ ਦੇਣ ਤੋਂ ਜਵਾਬ ਦੇ ਦਿੰਦੇ ਹਨ। ਉਨ੍ਹਾਂ ਅੱਗੇ ਵੀ ਕਾਨੂੰਨ ਪਾਉਣ ਤੋਂ ਜ਼ਿਆਦਾ ਦੂਸਰਾ ਹੋਰ ਕੋਈ ਚਾਰਾ ਨਹੀਂ ਕਰ ਸਕਦਾ।

ਸਾਡੇ ਲੋਕਾਂ ਨੂੰ ਲੋਕਲ ਲੋਕਾਂ ਜਾਂ ਅੰਗਰੇਜ਼ਾਂ ਦੇ ਮੁਕਾਬਲੇ ਹਰ ਪੱਧਰ ਤੇ ਬਹੁਤ ਨੀਵੀਆਂ ਤਨਖਾਹਾਂ ਅਤੇ ਸਹੂਲਤਾਂ ਹਨ ਅਤੇ ਬਹੁਤ ਘਟੀਆ ਸਲੂਕ ਕੀਤਾ ਜਾਂਦਾ ਹੈ।

ਸਾਡੇ ਲੋਕਾਂ ਚੋਂ ਖਾਸ ਕਰ ਸਿੱਖ, ਕੇਰਲਾ ਅਤੇ ਹੈਦਰਾਬਾਦ ਖਿੱਤੀ ਤੋਂ ਕੁੜੀਆਂ ਦਾ ਵਪਾਰ ਬਹੁਤ ਹੁੰਦਾ ਹੈ। ਇੱਥੇ ਆਮ ਤੌਰ ਤੇ ਕੇਰਲਾ ਅਤੇ ਸਿੱਖ ਦੀਆਂ ਜਨਾਨੀਆਂ ਬਹੁਤ ਵੱਡੀ ਗਿਣਤੀ 'ਚ ਮਿਲਦੀਆਂ ਹਨ। ਜਿਨ੍ਹਾਂ ਨਾਲ ਇੱਥੇ ਬਹੁਤ ਹੀ ਬੇਸ਼ਰਮੀ ਭਰਿਆ ਸਲੂਕ ਕੀਤਾ ਜਾਂਦਾ ਹੈ। ਬਹੁਤ ਸਾਰੇ ਸ਼ੇਖ ਇਨ੍ਹਾਂ ਨੂੰ PROSTITUTION ਵਾਸਤੇ ਵੀ ਲਿਆਉਂਦੇ ਹਨ। ਅਕਸਰ ਹੀ ਇੱਥੇ ਘਰਾਂ ਵਿਚ ਨੌਕਰਾਣੀਆਂ ਰੱਖਿਆ ਜਾਂਦਾ ਹੈ। ਅਤੇ ਜੇਕਰ ਤੁਸੀਂ ਇਕ ਵੀ ਜਨਾਨੀ ਲੱਭੋ ਜਿਹੜੀ ਕਿ ਸੁਰੱਖਿਅਤ ਹੋਵੇ ਸ਼ਾਇਦ ਨਹੀਂ ਮਿਲ ਸਕੇਗੀ। ਉਹਨਾਂ ਤੋਂ ਘਰ ਦਾ ਸਾਰਾ ਕੰਮ ਕਰਵਾਉਣਾ, ਬਹੁਤ ਹੀ ਘੱਟ ਤਨਖਾਹਾਂ ਅਤੇ ਬਾਅਦ ਮਾਲਕਾਂ ਦੀ ਹਵਸ ਦਾ ਸ਼ਿਕਾਰ ਹੋਣਾ। ਮਤਲਬ ਕਿ ਗੁਲਾਮੀ ਭਰਿਆ ਸਿਸਟਮ ਹੈ। ਇਕ ਜਨਾਨੀ ਦੀ ਆਪਣੀ ਹੈਸੀਅਤ ਅਤੇ ਸੁਰੱਖਿਆ ਕਿੱਥੇ ਰਹਿ ਸਕੇਗੀ? ਇੱਥੋਂ ਤੱਕ ਵੀ ਹਾਲਤ ਹੈ ਕਿ ਸਧਾਰਨ ਅਰਬੀ ਸ਼ੇਖ ਹੈਦਰਾਬਾਦ ਜਾਂ ਹੋਰਨਾਂ ਅਜਿਹੀਆਂ ਥਾਵਾਂ ਤੋਂ ਪੈਸੇ ਦੇ ਕੇ ਜਨਾਨੀਆਂ ਵਿਆਹ ਲਿਆਉਂਦੇ ਹਨ ਕਿ ਉਨ੍ਹਾਂ ਔਰਤਾਂ ਨਾਲ ਪੰਜ ਸਾਲ ਜਾਂ ਘੱਟ ਵੱਧ ਸਮੇਂ ਦਾ ਐਗਰੀਮੈਂਟ ਹੈ। ਉਹ ਰਹੇਗੀ ਅਤੇ ਫੇਰ ਬਗੈਰ ਕੁੱਝ ਤੁਰ ਜਾਏਗੀ ਉਸ ਦਾ ਐਗਰੀਮੈਂਟ ਪੂਰੇ ਹੋਣ ਤੋਂ ਬਾਅਦ।

ਹੋਰ ਇਹਨਾਂ ਔਰਤਾਂ ਦਾ ਆਰਥਿਕ ਮਜਬੂਰੀਆਂ ਕਾਰਨ ਅਤੇ ਦੂਸਰਾ ਮਾਲਕ ਵਲੋਂ ਪੂਰੀ ਤਰ੍ਹਾਂ ਇਸਤੇਮਾਲ ਕਰਨ ਤੋਂ ਬਾਅਦ ਅਜੇਹੀ ਹਾਲਤ ਹੋ ਜਾਂਦੀ ਹੈ ਕਿ ਛੁੱਟੀ ਵਾਲੇ ਦਿਨ ਜਿੱਥੇ ਐਤਵਾਰ ਨੂੰ ਗਿਰਜੇ ਜਾਣ ਦਾ ਬਹਾਨਾ ਲਾ ਕੇ ਬਾਹਰ ਆਮ ਰਸਤੇ ਪੁਰਸ਼ ਲੋਕ ਜੇਬ ਆਪਣੇ ਸਰੀਰ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ। ਲੋਕ ਗੱਡੀਆਂ ਤੇ ਸੰਕੇਤ ਉਡਾਉਂਦੇ ਹਨ। ਅਤੇ ਸਾਡੇ ਆਦਮੀਆਂ ਨੂੰ ਕਈ ਵਾਰ ਇਹਨਾਂ ਦੇ ਸ਼ਿਕਾਰ ਕਰਦੇ ਫੜੇ ਕਰ ਜਾਂਦੇ ਹਨ। ਜੋ ਜਨਾਨੀਆਂ ਦੀ ਇੱਥੇ ਬਹੁਤ ਹੀ ਮਾੜੀ ਹਾਲਤ ਹੈ ਭਾਵੇਂ ਉਹ ਦਫ਼ਤਰ ਵਿਚ ਕੰਮ ਕਰਦੀ ਹੈ ਜਾਂ ਕਿਸੇ ਦੇ ਘਰ, ਉਹ ਆਪਣੀ ਇੱਜ਼ਤ ਸੁਰੱਖਿਅਤ ਰੱਖਣ ਦੀ ਜ਼ਮਾਨਤ ਨਹੀਂ ਕਰ ਸਕਦੀ। ਬਹੁਤ ਸਾਰੀਆਂ ਮੁਸ਼ਕਲਾਂ ਹੋਰ ਵੀ ਹੋਣਗੀਆਂ ਜਿਹੜੀਆਂ ਕਿ ਉਨ੍ਹਾਂ ਨੂੰ ਪੁੱਛ ਗਿੱਛ ਕੇ ਪਤਾ ਲੱਗ ਸਕਦਾ ਹੈ। ਹਾਂ, ਔਰਤਾਂ ਨੂੰ ਕੋਈ ਛੁੱਟੀ ਦਾ ਟਾਇਮ (ਕੋਈ ਨਿਸ਼ਚਤ ਟਾਇਮ) ਨਹੀਂ ਉਹ 24 ਘੰਟੇ ਹੀ ਡਿਊਟੀ ਤੇ ਹੁੰਦੀਆਂ ਹਨ।

ਹੋਰ ਸਾਡੇ ਲੋਕ ਬਹੁਤ ਸਾਰੇ ਅਜਿਹੇ ਵੀ ਹਨ ਜਿਹਨਾਂ ਨੂੰ ਕਿੰਨਾ ਸਮਾਂ ਬਹਿਣੀਨ ਚ ਹਨ ਉਹ ਪਿੰਡ ਜਾ ਆ ਨਹੀਂ ਸਕਦੇ 8/10 ਘੰਟੇ ਡਿਊਟੀ ਤੋਂ ਜ਼ਿਆਦਾ ਵੀ ਉਹਨਾਂ ਕੋਈ ਖੁਸ਼ ਨਹੀਂ ਕਿ ਉਹ ਕਿਸੇ ਆਪਣੇ ਰਿਸ਼ਤੇਦਾਰ ਜਾਂ - ਪਛਾਣ ਵਾਲੇ ਬੰਦੇ ਕੋਲ ਜਾ ਸਕਣ। ਇਨ੍ਹਾਂ ਵਿਚ ਇੱਥੇ ਫਾਰਮਾਂ 'ਚ ਕੰਮ ਕਰਨ ਵਾਲੇ ਵਰਕਰ ਹਨ। ਨਾ ਕੋਈ ਉਵਰ ਟਾਇਮ ਨਾ ਚੰਗੀ ਖੁਰਾਕ। ਨਾ ਇਨ੍ਹਾਂ ਦੀਆਂ ਕੋਈ ਸ਼ਰਤਾਂ ਹਨ ਕਿ ਦੋ ਸਾਲ ਬਾਅਦ ਲੇਬਰ ਲਾਅ ਮੁਤਾਬਿਕ ਕੁੱਝ ਹਿਸਾਬ ਕਿਤਾਬ ਕੀਤਾ ਜਾਏ।

ਹੋਰ ਸਾਡੇ ਲੋਕਾਂ ਨੂੰ ਆਪਣੇ ਮੁਲਕ ਜਾਣ ਦੇਣ ਜਾਂ ਭੇਜਣ ਦੇਣ ਕੋਈ ਨਿਸ਼ਚਿਤ ਤਰੀਕ ਵੀ ਨਹੀਂ ਦੱਸਦੇ ਅਤੇ ਨਾ ਉਸ ਦਾ ਬਣਦਾ ਪੈਸਾ ਦਿੰਦੇ ਹਨ। ਹਿਸਾਬ ਨਾ ਦੇਣ ਦੀਆਂ ਕਈ ਦਰਦਨਾਕ ਘਟਨਾਵਾਂ ਵਾਪਰਦੀਆਂ ਹਨ। ਕਿਸੇ ਹਰ ਪਾਸੇ ਤੋਂ ਆਦਮੀ ਉਨ੍ਹਾਂ ਦੇ ਅੰਦਰ ਹੁੰਦਾ ਹੈ ਠੀਕ ਹਿਸਾਬ ਕਿਤਾਬ ਕਿਵੇਂ ਲੈ ਸਕਦਾ ਹੈ? ਜਾਂ ਉਸਦੇ ਮਾਲਕ ਹਿਸਾਬ ਦੇਣਗੇ?

ਸਾਡੇ ਲੋਕਾਂ ਕੋਲੋਂ ਇੰਡੀਆਂ ਤੋਂ ਆਉਂਦਿਆਂ ਸਾਰ ਹੀ ਪਾਸਪੋਰਟ ਲੈ ਲੈਂਦੇ ਹਨ ਅਤੇ ਸਿਰਫ਼ ਪਾਸਪੋਰਟ ਸਿਰਫ਼ ਆਦਮੀ ਉਦੋਂ ਦੇਖਦਾ ਹੈ ਜਦੋਂ ਉਹ ਆਪਣੇ ਮੁਲਕ ਵਾਪਸ ਜਾਣ ਲਈ ਏਅਰਪੋਰਟ ਦੇ ਅੰਦਰ ਹੁੰਦਾ ਹੈ। ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਇਸ ਤਰ੍ਹਾਂ ਹੀ ਵਾਪਰਦੀਆਂ ਹਨ ਕਿ ਮਜ਼ਦੂਰਾਂ ਦੀਆਂ ਤਨਖਾਹਾਂ ਅਤੇ ਦੂਸਰਾ ਬਣਦਾ ਹਿਸਾਬ ਨਹੀਂ ਦਿੱਤਾ ਜਾਂਦਾ ਬੱਸ ਅੱਜ ਕੱਲ੍ਹ ਜਾਂ ਪੁਲੀਸ ਦੀ ਮਦਦ ਨਾਲ ਚੱਕ ਕਰ ਦਿੱਤੇ ਜਾਂਦੇ ਹਨ। ਮਾਲਕ ਕੁੱਟ ਮਾਰ ਵੀ ਕਰਦੇ ਹਨ। ਬੇਇੱਜ਼ਤੀ ਤੋਂ ਹਰ ਟਾਇਮ ਆਦਮੀ ਮੂੰਹ ਲੁਕਾਉਂਦਾ ਹੈ।

ਸਾਡੇ ਲੋਕਾਂ ਨੂੰ ਇੱਥੇ ਦੇ ਲੋਕਲ ਲੋਕਾਂ ਤੋਂ ਨਫ਼ਰਤ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਡੇ ਲੋਕਾਂ ਨੂੰ ਬੱਸਾਂ ਜਾਂ ਬਜ਼ਾਰਾਂ ਵਿਚ ਜਾਂ ਪਿੰਡਾਂ 'ਚ ਜਾਂ ਕਿਧਰੇ ਇੱਕਲੇ ਦੁਕੱਲੇ ਨੂੰ ਇਨ੍ਹਾਂ ਦੀਆਂ ਨਫ਼ਰਤ ਭਰੀਆਂ ਹਰਕਤਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਹ ਲੋਕ ਬੱਸ ਚਲਾਉਣ ਸਮੇਂ ਸਾਡੇ ਲੋਕਾਂ ਨੂੰ ਧੱਕੇ ਦੇ ਦੇ ਪਹਿਲਾਂ ਆਪ ਚੜ੍ਹ ਜਾਂਦੇ ਹਨ। ਸੀਟਾਂ ਤੇ ਬੈਠਣ ਨਹੀਂ ਦਿੰਦੇ, ਬਜ਼ਾਰ ਜਾਂਦਿਆਂ ਉਤੇ ਥੁੱਕ ਦੇਣਾ, ਪਾਣੀ ਸੁੱਟ ਦੇਣਾ ਜਾਂ ਇੱਟ ਪੱਥਰ ਮਾਰ ਦੇਣਾ ਆਦਿਕ ਬਹੁਤ ਵਾਰੀ ਵਾਪਰਦਾ ਹੈ। ਸਾਡੇ ਲੋਕਾਂ 'ਚ ਗੁਲਾਮੀ ਭਰਿਆ ਜੀਵਨ ਇੰਨਾ ਭਰ ਗਿਆ ਹੈ ਕਿ ਅਗਰ ਅਰਬੀ ਲੋਕ ਆਪਣੇ ਕਿਸੇ ਬੰਦੇ ਨੂੰ ਜਿੰਨਾ ਮਾਰ ਰਹੇ ਹਨ ਤਾਂ ਉਸ ਦੀ ਹਮਾਇਤ ਨਹੀਂ ਕਰ ਸਕਦੇ।

ਮੈਂ ਠੀਕ ਸਾਫ਼ ਇੱਥੇ ਹੈ ਠੇਕੇਦਾਰੀ — ਕਿਸੇ ਅਮੀਰ ਬੰਦੇ ਜਾਂ ਕੰਪਨੀ ਨੇ ਕਿਸੇ ਪ੍ਰੋਜੈਕਟ ਨੂੰ (ਵੱਡੇ ਜਾਂ ਛੋਟੇ) ਕਰਨ ਦਾ ਠੇਕਾ ਲੈ ਲਿਆ ਤਾਂ ਛੁੱਟ ਲੇਬਰ ਸਸਤੀ ਵਾਸਤੇ ਸਾਡੇ ਦੇਸ਼ਾਂ ਵੱਲ ਨੂੰ ਤੁਰ ਪੈਂਦੇ ਹਨ ਉੱਥੇ ਏਜੰਟਾਂ ਰਾਹੀਂ ਇਹ ਲੋਕ ਸਸਤੀ ਲੇਬਰ ਲੈ ਆਉਂਦੇ ਹਨ ਅਤੇ ਆਪਣੇ ਗੁਲਾਮ ਬਣਾ ਰੱਖਦੇ ਹਨ। ਇਕ ਆਦਮੀ ਏਜੰਟ ਨੂੰ ਇੰਨਾ ਪੈਸਾ ਦੇ ਕੇ ਆਇਆ ਹੁੰਦਾ ਹੈ ਕਿ ਉਸਨੂੰ ਇੱਥੇ ਸਿਰ ਦੇ ਪੂਰਾ ਕਰਨ ਵਾਸਤੇ ਸਾਲ, ਡੇਢ ਸਾਲ ਲੱਗ ਜਾਂਦਾ ਹੈ ਇਸ ਕਾਰਨ ਉਸ ਦੇ ਮਨ 'ਚ ਸਹਿਮ ਹੁੰਦਾ ਹੈ ਜੇਕਰ ਮੈਂ ਕੋਈ ਗੱਲ ਕੀਤੀ ਮਾਲਕ ਸਾਹਮਣੇ ਕੀਤੀ ਤਾਂ ਇੰਡੀਆ ਉਧਾਰ ਲਏ ਪੈਸੇ ਕਿਵੇਂ ਨਹੀਂ ਲੱਥਣੇ। ਜੋ ਮਾਲਕ ਸਾਰ

ਕਰਦਾ ਹੈ ਤਾਂ ਮਜ਼ਦੂਰ ਦੇ ਪਰਾਣ ਨਕ ਆ ਜਾਂਦੇ ਹਨ। ਮਾਲਕ ਆਪਣੀ ਮਰਜ਼ੀ 9.
ਮੁਤਾਬਕ (ਐਗਰੀਮੈਂਟ) ਸ਼ਰਤਾਂ ਦਾ ਨਿਰਮਾਣ ਕਰਦਾ ਹੈ ਅਤੇ ਮਜ਼ਦੂਰ ਤੋਂ ਦਸਖ਼ਤ ਲੈ ਲੈਂਦਾ ਹੈ। ਜੇ ਇਸ ਤਰ੍ਹਾਂ ਸਾਡੇ ਲੋਕਾਂ ਦੇ ਹੱਥ ਪੈਰਾਂ ਵੀ ਵੱਢ ਲੈਂਦੇ ਹਨ। ਅਗਰ ਕੋਈ ਆਦਮੀ ਲੇਬਰ ਕੋਰਟ ਜਾਣ ਦਾ ਇਰਾਦਾ ਤਾਂ ਇਸਤਾਂ ਦਾ ਕਰੂਪ ਪੈਰਾਂ ਦੀ ਬਦਇਰਾਦਾ ਹੁੰਦਾ ਹੈ ਜਾਂ ਕਈ ਕੇਸ ਹਨ ਜਿਨ੍ਹਾਂ ਦਾ ਪਤਾ ਹਰ ਆਦਮੀ ਆਪਣੀ ਪਹੁੰਚ ਨਹੀਂ ਕਰ ਸਕਦਾ।

ਇਸ ਤੋਂ ਇਲਾਵਾ ਅਗਰ ਕੋਈ ਆਦਮੀ ਪਹਿਲੇ ਮਾਲਕ ਦਾ ਐਗਰੀਮੈਂਟ ਪੂਰਾ ਕਰਨ ਤੋਂ ਬਾਅਦ ਅਗਰ ਦੂਸਰੀ ਕਿਸੇ ਪਸੰਦਗੀ ਵਾਲੀ ਕੰਪਨੀ ਦਾ ਕੰਮ ਲੈਣਾ ਚਾਹੁੰਦਾ ਹੈ ਤਾਂ ਉਹ ਇਤਨਾ ਚਿਰ ਨਹੀਂ ਲੈ ਸਕਦਾ ਜਿੰਨਾ ਚਿਰ ਉਸ ਕੋਲ ਪਹਿਲੇ ਮਾਲਕ ਦਾ NO OBJECTION CERTIFICATE ਨਾ ਹੋਵੇ ਅਤੇ ਮਜ਼ਦੂਰੀ ਮੁਲਕ ਤੋਂ ਬਾਹਰ ਨਾ ਹੋਵੇ। ਜੋ ਆਖ਼ਰੀਆਂ ਬਹੁਤ ਰੁਕਾਵਟਾਂ ਹਨ।

ਬਾਕੀ ਤਨਖ਼ਾਹ ਇਥੋਂ ਦੇ ਮੁਲਕਾਂ ਦੀ ਮਿਆਰਤ ਬਾਰੇ ਤਾਂ ਤਨਖ਼ਾਹ ਕਾਫ਼ੀ ਘਟ ਹੀ ਹੋਵੇਗੀ ਕਿ ਇਥੇ ਡਿਕਟੇਟਰਸ਼ਿਪ ਹੈ। ਕੋਈ ਆਦਮੀ ਇਥੇ ਮੁਜ਼ਾਹਰਾ, ਜਲੂਸ ਜਾਂ ਰੋਸ ਪ੍ਰਗਟ ਕਰਨ ਲਈ ਸਭਾ ਮੀਟਿੰਗ ਨਹੀਂ ਕਰ ਸਕਦਾ ਅਗਰ ਕੋਈ ਅਜਿਹਾ ਕਰਦਾ ਹੈ ਤਾਂ ਉਹ ਜੇਲ੍ਹ ਹੁੰਦਾ ਹੈ ਜੋ ਕਿ ਡਿਕਟੇਟਰਸ਼ਿਪ ਰਾਜ 'ਚ ਹੁੰਦਾ ਹੈ।

ਅਖ਼ੀਰ 'ਚ ਮੈਂ ਆਖਾਂਗਾ ਕਿ ਇਹ ਮਿਡਲ ਈਸਟ ਲੋਕਾਂ ਦੇ ਜੀਵਨ ਬਾਰੇ ਇਥੋਂ ਦੀ ਸੰਖੇਪ ਝਾਤ ਹੈ। ਇਥੋਂ ਦਾ ਮੁੱਖ ਕਿੱਤਾ ਠੇਕੇਦਾਰੀ ਹੈ ਜਦੋਂ ਅਸੀਂ ਕਾਨੂੰਨੀ ਤੌਰ ਤੇ ਮਾਲਕ ਦੇ ਪੂਰੀ ਤਰ੍ਹਾਂ ਵੱਸ 'ਚ ਹਾਂ, ਜਦੋਂ ਸਾਨੂੰ ਪਾਸਪੋਰਟ ਤਕ ਰੱਖਣ ਦੀ ਖੁਲ੍ਹ ਨਹੀਂ, ਜਦੋਂ ਸਾਨੂੰ 8 ਜਾਂ 10 ਘੰਟੇ ਡਿਊਟੀ ਤੋਂ ਬਾਅਦ ਦੀ ਵਿਹਲੇ ਸਮਾਂ ਆਜ਼ਾਦ ਮਾਲਕਾਂ ਨੂੰ ਪਸੰਦ ਨਹੀਂ। ਜਦੋਂ ਅਸੀਂ ਮਰਜ਼ੀ ਮੁਤਾਬਕ ਛੁੱਟੀ, ਦਾਖ਼ਲ ਦਾਇਮ ਕੰਮ ਬਦਲ ਦਾ ਅਧਿਕਾਰ ਨਹੀਂ ਰੱਖਦੇ। ਜਦੋਂ ਸਾਨੂੰ ਸੰਗਤੇ ਸਮਾਜਿਕ-ਸਭਿਆਚਾਰ ਰਹਿੰਦਾ ਹੈ। ਜਦੋਂ ਸਾਡੇ ਨਾਲ ਤਨਖ਼ਾਹਾਂ 'ਚ ਤੇ ਹੋਰ ਸਹੂਲਤਾਂ ਵਿਚ ਲੋਕਲ ਦੁਨੀਆਂ ਅਤੇ ਚਿੱਟੀ ਚਮੜੀ ਦੇ ਮੁਕਾਬਲੇ ਵੱਖਰਾ ਵਰਤਾਉ ਕੀਤਾ ਜਾਂਦਾ ਹੈ, ਇਸ ਤੋਂ ਤੁਸੀਂ ਅੰਦਾਜ਼ਾ ਲਾ ਸਕਦੇ ਹੋ ਕਿ ਸਾਡੀ ਜ਼ਿੰਦਗੀ ਕੁ ਗੁਲਾਮਾਂ ਵਰਗੀ ਹੋਵੇਗੀ ਜਾਂ ਇਕ ਆਦਮੀ ਅਜਿਹੇ ਮਾਰ ਘੁੱਟ ਵਾਤਾਵਰਣ 'ਚ ਆਪਣੇ ਦਿਮਾਗੀ ਪੱਧਰ ਦਾ ਕੀ ਵਿਕਾਸ ਕਰ ਸਕਦਾ ਹੈ।

o o o

---

● ਵਿਗਿਆਨ ਪੁਸਤਕ 'ਵਿਸ਼ਵ ਦੀ ਨੁਹਾਰ' ਤੋਂ ਬਾਅਦ, ਬਹੁਪੱਖੀ ਪ੍ਰਤਿਭਾ ਦੇ ਮਾਲਕ:
ਕਵੀ, ਨਾਟਕਕਾਰ ਤੇ ਵਿਗਿਆਨ-ਲੇਖਕ ਅਜਮੇਰ ਰੋਡੇ ਦਾ ਪਹਿਲਾ ਕਾਵਿ-ਸੰਗ੍ਰਹਿ

**ਸੁਰਤੀ** 15 ਰੁਪਏ; ਫ਼ੋਨ: 438-7793; ਜੂਨ 1979

---

# ਕਿੰਗਜ਼ਗੇਟ ਇਨਸ਼ੋਰੈਂਸ ਏਜੰਸੀਜ਼

**ALL TYPES OF INSURANCE AT COMPETITIVE RATES INCLUDING:
AUTO, HOME, COMMERCIAL, BUSINESS, TRAVEL, LIFE,
ACCIDENT and SICKNESS, RRSP.**

Autoplan

**AUTHORIZED AGENT**



**FAZAL KHAN**
104 Kingsgate Mall
370 E. Broadway, Vancouver
Tel: 872-7827

THE BEST SERVICE
COSTS NO MORE

**INSURANCE**

WHEN YOU RENEW IT
REVIEW IT



**DALJIT S. SIDHU**
6679 Main St. (at 51st.)
Vancouver
Tel: 324-2311

# ਨਾਨਕ ਸ਼ਾਇਰ ਇਵ ਕਹਿਆ

ਅੰਮ੍ਰਿਤਾ ਸ਼ੈਲਾ / ਕਰਮਜੀ

ਜਦ ਕਦੀ ਵੀ ਦੁਨੀਆਂ ਦੇ ਦਬਾਏ ਇਤਿਹਾਸ ਵਿਚ ਮਾਂ-ਬੋਲੀ ਦਾ ਜ਼ਿਕਰ ਆਇਆ ਹੈ, ਮੈਂ ਇਕ ਅਜੀਬ ਵਿਸਮਾਦ ਵਿਚ ਗੜੂੰਦ ਹੋ ਗਿਆ ਹਾਂ। ਹਜ਼ਾਰਾਂ ਸਾਲਾਂ ਦੀਆਂ ਲਿਖਤਾਂ, ਕ੍ਰੀਤ ਦਰਜੀਆਂ ਸੰਗਤੀਆਂ ਅੱਖੀਆਂ ਤੇ ਸਰਾਂ ਦੇ ਆਲ੍ਹਣੇ ਹਲਕੇ ਮੈਨੂੰ ਮਾਂ-ਬੋਲੀ ਸਾਹਮਣੇ ਤੁਰ ਜਾਪੇ ਹਨ। ਮਾਂ ਦੇ ਮੂੰਹੋਂ ਸ਼ਬਦ ਨਿਕਲੇ, ਕੋਮਲ ਘੱਟੇ ਥੱਲੀਆਂ ਵੇਲਾ ਇਤੀਆਂ ਤੇ ਸਮੇਂ ਦੀ ਕੁੱਖ ਵਿਚੋਂ ਨਵ-ਜੰਮੇਂ ਬਾਲ ਨੇ ਜਦੋਂ ਕਦੇ "ਮਾਂਅ" ਆਖਿਆ ਤਦੋਂ ਮਾਂ ਦੇ ਹਾਸਿਆਂ ਕਹਿਕਰ ਲਾ ਦਿਤੀ, ਕਿਉਂ ਜੋ ਇਹ ਸਜੀਲ ਘੜੀਆਂ ਵਿਚੋਂ ਨਿਕਲਿਆ ਪਹਿਲਾ ਸ਼ਬਦ ਸੀ ਜਿਸਨੇ ਮਾਂ ਅਤੇ ਮਾਂ-ਬੋਲੀ ਨੂੰ ਆਪਣੀ ਹੋਂਦ ਦੀ ਸੋਝੀ ਕਰਾਈ ਏ।

ਮਾਂ-ਬੋਲੀ ਸ਼ਬਦਾਂ ਦੇ ਉਸ ਤਲਿਸਮ ਨੂੰ ਆਖਦੇ ਹਨ ਜੋ ਕਦੀ ਅਸੀਂ ਮਾਂ ਦੇ ਮੂੰਹੋਂ ਉਹਦਾ ਮਿੱਠਾ ਦੁੱਧ ਪੀਂਦਿਆਂ ਪਹਿਲੇ ਪਹਿਲ ਸੁਣੇ ਸਨ। ਪਰ ਬੜੇ ਦੁੱਖ ਦੀ ਗੱਲ ਹੈ ਕਿ ਅਸੀਂ ਆਪਣੀ ਮਾਂ ਨੂੰ ਮਾਂ ਕਹਿਣ ਤੋਂ ਸ਼ਰਮ ਕਰਦੇ ਹਾਂ। ਜਦੋਂ ਕੋਈ ਪੰਜਾਬੀ ਵਿਦੇਸ਼ੀ ਭਾਸ਼ਾਵਾਂ ਦਾ ਰੋਅਬ ਓੜ੍ਹ ਕੇ ਆਪਣੀ ਮਾਂ-ਬੋਲੀ ਨੂੰ ਨਿਰਆਧਾਰ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ ਤਾਂ ਲੇਖਕ ਇਸ ਭਰੀ ਦੁਨੀਆਂ ਉਤੇ ਪਾਪੀ ਨਾਂ ਦਾ ਕੋਈ ਸ਼ਬਦ ਹੈ ਤਾਂ ਉਹ ਅਜਿਹੇ ਹੀ ਉਸਦਾ 'ਹੱਕਦਾਰ' ਹੁੰਦਾ ਹੈ।

ਸੱਖ-ਖਾ-ਰ ਸਾਲਾਂ ਦੀਆਂ ਸੁੰਦਰ ਤਿਤਲੀਆਂ ਵਿਚ ਸਾਂਝੀ ਗਈ ਸਮਤਾ ਦੀ ਪਰ ਉਦੋਂ ਫੁੱਟਦੀ ਹੈ ਜਦੋਂ ਕਦੀ ਉਹ ਨਿਕੜੇ ਬਾਲ ਨੂੰ ਮਾਂ-ਬੋਲੀ ਵਿਚ ਲੋਰੀ ਦੇ ਰਹੀਆਂ ਹੁੰਦੀਆਂ ਹਨ। ਉਹ ਪਿਆਰੇ ਸ਼ਬਦ ਜਦੋਂ ਤੋਤਲੇ ਬੁੱਲ੍ਹਾਂ ਉਤੇ ਆਣ ਰੁਕਦੇ ਹਨ ਤਾਂ ਜ਼ਿੰਦਗੀ ਰੂਪ ਬਦਲਦੀ ਹੈ ਤਾਂ ਨਿਕੜੂ ਮੂੰਹ ਵਿਚੋਂ ਖਰਾਂ ਦੇ ਫੁਹਾਰੇ ਫੁੱਟ ਤੁਰਦੇ ਹਨ ਤੇ ਇਹ ਧਰਤ ਰੁੱਖੜੇ ਨੂੰ ਆਪਣੀਆਂ ਲੋਰਾਂ ਨਾਲ ਭਰ ਦਿੰਦੇ ਹਨ, ਰੰਗਲਾ ਦਿੰਦੇ ਹਨ।

ਸੋਲ੍ਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ, ਇਕ ਅਲੌਕੀ ਜੋਤ ਨੇ ਇਕ ਦੋਹਰੇ ਨੂੰ ਪੂਰਨ ਕਰਦਿਆਂ ਆਖਿਆ ਸੀ 'ਨਾਨਕ ਸ਼ਾਇਰ ਇਵ ਕਹਿਆ', ਤਾਂ ਕੀ ਅੱਜ, 'ਗਗਨ ਮੈ ਥਾਲੁ' 'ਆਰਤੀ' ਵਾਲਾ ਸ਼ਾਇਰ ਗਵਾਚ ਹੋ ਗਿਆ ਹੈ? ਉਹ ਸ਼ਾਇਰ ਜਿਸਦਾ 'ਨਾਨਕ' ਨੇ ਆਪਣੇ ਆਪ ਨੂੰ ਸ਼ਾਇਰ ਮੰਨਿਆ ਹੈ। ਤਾਂ ਕੀ ਅੱਜ ਉਹ ਬੋਲੀ ਸਭ ਦੀਆਂ ਪਰਤਾਂ ਨੇ ਨੀਂਹ ਕਰ ਦਿੱਤੀ ਹੈ ਕਿ ਅਸੀਂ ਉਸਨੂੰ 'ਮੇਰੀ' ਵੀ ਨਹੀਂ ਆਖ ਸਕਦੇ? ਕੀ ਇਸ ਬੋਲੀ ਨੂੰ ਕਿਸੇ 'ਫਕੀਰ' ਦੇ ਬੋਲਾਂ ਨੇ ਨਹੀਂ ਸ਼ਿੰਗਾਰਿਆ? ਕੀ 'ਵਾਰਿਸ' ਬੀਤੇ ਜੁੱਗ ਦੀ ਕਹਾਣੀ ਹੈ, ਜਿਸਨੇ ਇਕ 'ਹੀਰ' ਲਿਖ ਕੇ ਸੈਂਕੜੇ ਹੀ ਸਦੀਆਂ ਵਿਚੋਂ ਲੋਕਾਂ ਦੇ ਸੰਸਾਰ ਦਾ ਦਿਤੇ?

ਕੁਝ ਪੱਗਾਂ-ਬੰਨ੍ਹ ਸਿੰਘ ਪੰਜਾਬੀ ਉਤੇ ਪਲੇਥਾ ਮਾਰੀ ਬੈਠੇ ਹਨ ਅਤੇ ਇਸ ਨੂੰ ਸਿੱਖਾਂ ਦੀ ਹੀ ਬੋਲੀ ਆਖੀ ਜਾਂਦੇ ਹਨ। ਭੋਲਿਓ! ਮਾਂ-ਬੋਲੀ ਮਜ਼ਹਬਾਂ, ਧਰਮਾਂ ਦੀ ਮੁਥਾਜ ਨਹੀਂ ਹੁੰਦੀ। ਮਾਂ-ਬੋਲੀ ਮਾਂ ਮੂੰਹੋਂ ਨਿੱਕਲੇ ਸ਼ਬਦਾਂ ਦਾ ਉਹ ਧਰਮੁੱਲਾ ਸੰਗ੍ਰਹਿ ਹੈ ਜਿਸਨੂੰ ਕਿਸੇ ਸਰਤੀ ਆਪ-ਹੁਦੇ ਨਾਲ ਨਹੀਂ ਮਾਪਿਆ ਜਾ ਸਕਦਾ।

ਇਕ ਮਾਂ ਦੇ ਕੁਝ ਬੱਚੇ ਸਨ। ਇਕ ਬੱਚਾ ਤੋਤੇ ਵਾਲੀ ਰਟ ਲਾਈ ਆਖ ਰਿਹਾ ਸੀ ਕਿ ਮਾਂ ਸਿਰਫ ਉਸੇ ਦੀ ਹੀ ਹੈ। ਘਰ ਰਹੇ, ਉਸ ਸਮੇਂ ਦੂਸਰੇ ਬੱਚੇ ਮਾਂ-ਭਗਤ ਨਹੀਂ ਹੋ ਜਾਂਦੇ ਨਾਂ ਹੀ ਮਾਂ ਸਿਰਫ ਇਕੋ ਬੱਚਾ ਜਣਦੀ, ਆਖਦਾਉਸਦੀ ਹੈ। ਅਜਿਹੇ ਦੰਭ ਦਾ ਸ਼ਿਕਾਰ ਕੁਝ ਪੰਜਾਬੀ ਹਿੰਦੂ ਪਰਿਵਾਰ ਮੈਂ ਅਕਸਰ ਡਿੱਠੇ ਹਨ।

ਇਕ ਵਾਰ ਬੱਸ ਵਿਚ ਬੈਠਿਆਂ ਇਕ ਛੋਟੇ-ਨੰਨ੍ਹੇਂ ਬਾਲਾਂ ਵਾਲੀ ਸੰਭਲੇ ਆਕਾਰ ਦੀ ਜਵਾਨੀ ਆਪਣੇ ਬੱਚੇ ਨਾਲ ਇੰਗਲਿਸ਼ਤਾਨੀ ਵਿਚ ਗੱਪਾਂ ਮਾਰ ਰਹੀ ਸੀ। ਸ਼ੱਕਲ ਸੂਰਤੋਂ ਉਹ ਮੈਨੂੰ ਦੇਸੀ ਜਾਪਦੀ ਸੀ। ਪਰ ਮੇਰਾ ਵਿਸ਼ਵਾਸ ਉਸ ਸਮੇਂ ਸੱਚ ਹੋ ਗਿਆ ਜਦੋਂ ਉਸ ਮੈਨੂੰ "ਵੀਰ, ਅੱਗੇ ਕਿਹੜਾ ਸ਼ਹਿਰ ਆਵੇਗਾ?" ਆਖ ਪੁਕਾਰਿਆ। ਉਸ ਦਾ ਪਿਆਰਾ ਬੱਚਾ ਪੰਜਾਬੀ ਤੋਂ ਅਣਜਾਣ ਲੱਗਦਾ ਸੀ। ਜਦ ਕਿ ਉਸਦੀ ਮਾਂ ਦੂਸਰਿਆਂ ਨਾਲ ਪੰਜਾਬੀ ਵਿਚ ਮੁਲਾਕਾਤੀਆਂ ਗੱਲਾਂ ਕਰਦੀ ਸੀ। ਪਰ ਬੱਚੇ ਨੂੰ ਮਾਂ-ਬੋਲੀ ਨਹੀਂ ਸੀ ਸਿਖਾਈ ਜਾਂਦੀ। ਮੈਂ ਨਾਲਦੀ ਸੀਟ ਉਤੇ ਬੈਠਾ ਤਾਂ ਕੁਝ ਨਹੀਂ ਆਖ ਸਕਿਆ ਪਰ ਆਪਣੇ ਸਟੇਸ਼ਨ ਉਤੇ ਉਤਰਨ ਲੱਗਿਆਂ ਮੇਰੇ ਹੱਥ ਆਪ ਮੁਹਾਰੇ ਉਸ ਕੋਮਲ ਬੱਚੇ ਦੇ ਨਿੱਕੇ ਜਿਹੇ ਸਿਰ ਉਤੇ ਰਖੇ ਗਏ ਤੇ ਸਹਿਜ ਜਿਹੇ ਹੀ ਆਖਿਆ ਗਿਆ "ਜਿਉਂਦਾ ਜਾਗਦਾ ਰਹੁ ਬੱਚਿਆ" ਸਾਲਾਂ ਬੀਤਣ ਉਤੇ ਉਹੀ ਇਸਤਰੀ ਮੈਨੂੰ ਲੁਧਿਆਣੇ ਬੱਸ-ਸਟੈਂਡ ਉਤੇ ਮਿਲੀ। ਉਸ ਮੈਨੂੰ ਸਿਆਣ ਲਿਆ। ਉਹਦੀਆਂ ਗੱਲਾਂ ਅੱਖਾਂ ਵਿਚੋਂ ਛਲਕ ਉਠੀ ਤੇ ਅੱਜ ਉਸਦਾ ਉਹੀ ਬੱਚਾ ਮਾਂ ਨੂੰ ਮਾਂ-ਬੋਲੀ ਵਿਚ ਕੋਈ ਬਾਤ ਪਾ ਰਿਹਾ ਸੀ। ਉਸਨੂੰ ਸੱਭ ਗਏ - ਸ਼ਿਕਵੇ ਦੂਰ ਹੋ ਗਏ। ਮੇਰਾ ਮਸਤਕ ਉਸ ਮਾਂ ਸਾਹਮਣੇ ਜਿਸਦੇ ਵਿਚ ਝੁਕ ਗਿਆ ਜੋ ਸਦੈਵ ਭੁੱਲ ਕੇ ਸੁਆਣੀ ਚਾਵ ਨਾਲ ਪਿਆਰ ਪਰਤ ਆਈ ਸੀ।

ਕਿਸੇ ਵੀ ਤਰਾਂ ਦਾ ਪਿਆਰ ਕਮਾਉਣ ਤੋਂ ਪਹਿਲਾਂ ਮਾਂ-ਬੋਲੀ ਦਾ ਪਿਆਰ ਕਮਾਉਣਾ ਜ਼ਰੂਰੀ ਹੈ। ਉਹ ਮਾਂ-ਬੋਲੀ ਹੀ ਹੈ ਜਿਸਦੇ ਉਤੇ ਬੈਠ ਕੇ ਸਵਾਰੀ ਕੀਤੀ ਜਾ ਸਕਦੀ ਹੈ। ਭਾਵੇਂ ਤੁਸੀਂ ਅਣਹੋਣੀ ਬੋਲੀ ਨਾਲ ਤਾਂ ਵਿਚਰ ਸਕਦੇ ਹੋ ਪਰ ਮਮਤਾ ਦੀ ਲੋਅ ਨਹੀਂ ਦੇ ਸਕਦੀ। ਦੁਨੀਆਂ ਦੇ ਮਹਾਨ ਵਿਗਿਆਨੀ ਮਾਂ-ਬੋਲੀ ਵਿਚੋਂ ਹੀ ਉਪਜੇ ਹਨ। ਮਾਂ-ਬੋਲੀ ਨੇ ਹੀ ਮਹਾਨ ਲੀਡਰਾਂ ਨੂੰ ਵਿਗਸਿਆ ਹੈ।

ਸੁਪ੍ਰਸਿੱਧ ਸੋਵੀਅਤ ਕਵੀ ਰਸੂਲ ਹਮਜ਼ਾਤੋਵ ਪੈਰਿਸ ਵਿਚ ਇਕ ਵਾਰ ਅਜਿਹੇ ਇਕ ਦਾਗਿਸਤਾਨੀ (ਰਸੂਲ ਹਮਜ਼ਾਤੋਵ ਖੁਦ ਵੀ ਦਾਗਿਸਤਾਨੀ ਹੀ ਸਨ) ਚਿਤਰਕਾਰ ਨੂੰ ਮਿਲਿਆ ਜੋ ਪਰਤ ਕਦੀ ਇਟਲੀ ਗਿਆ ਸੀ ਅਤੇ ਉਥੇ ਹੀ ਇਕ ਇਟਾਲਵੀ ਕੁੜੀ ਨਾਲ ਵਿਆਹ ਕਰਾ ਲਿਆ ਅਤੇ ਘਰ ਨਹੀਂ ਸੀ ਪਰਤਿਆ। ਰਸੂਲ ਦੇਸ਼ ਜਾਕੇ ਚਿਤਰਕਾਰ ਦੀ ਮਾਂ ਨੂੰ ਮਿਲਿਆ। ਸਭੇ ਸਬੰਧੀ ਸ਼ਾਇਦ ਖੁਸ਼ ਸਨ ਕਿ ਉਨ੍ਹਾਂ ਦਾ ਪੁੱਤਰ ਅਜੇ ਵੀ ਜਿਉਂਦਾ ਹੈ ਕਿਉਂਕਿ ਉਨ੍ਹਾਂ ਕਿਆਂ ਤਾਂ ਵਰ੍ਹਿਆਂ ਦੇ ਢੇਰ ਬੀਤ ਚੁੱਕੇ ਸਨ। ਚਿਤਰਕਾਰ ਦੀ ਮਾਂ ਨੇ ਸਵਾਲ ਕੀਤਾ -

"ਕੀ ਤੁਸੀਂ ਦੋਹਾਂ ਨੇ ਅਵਾਰ (ਮਾਂ-ਬੋਲੀ) ਭਾਸ਼ਾ ਵਿਚ ਗੱਲ ਕੀਤੀ ਸੀ?"

"ਨਹੀਂ, ਅਸੀਂ ਦੁਭਾਸ਼ੀਏ ਰਾਹੀਂ ਗੱਲ ਕੀਤੀ ਸੀ। ਮੈਂ ਰੂਸੀ ਬੋਲਦਾ ਸਾਂ ਅਤੇ ਤੁਹਾਡਾ ਪੁੱਤਰ ਫਰਾਂਸੀਸੀ।"

ਤਦ ਉਹਦੀ ਮਾਂ ਨੇ ਕਾਲੇ ਦੁਪੱਟੇ ਨਾਲ ਮੂੰਹ ਢੱਕ ਲਿਆ, ਜਿਸ ਤਰ੍ਹਾਂ ਕਿ ਪੁੱਤਰ ਦੀ ਮੌਤ ਦੀ ਖਬਰ ਮਿਲਣ ਉਤੇ ਕੀਤਾ ਜਾਂਦਾ ਹੈ। ਫਿਰ ਕੁਝ ਦੇਰ ਚੁੱਪ ਰਹਿਣ ਪਿਛੋਂ ਚਿਤਰਕਾਰ ਦੀ ਮਾਂ ਨੇ ਆਖਿਆ -

"ਤੈਨੂੰ ਗਲਤੀ ਲੱਗੀ ਏ ਰਸੂਲ, ਮੇਰਾ ਬੇਟਾ ਤਾਂ ਕਦੋਂ ਦਾ ਮਰ ਚੁੱਕਾ ਹੈ। ਉਹ ਮੇਰਾ ਪੁੱਤਰ ਨਹੀਂ ਹੋ ਸਕਦਾ। ਮੇਰਾ ਪੁੱਤਰ ਆਪਣੀ ਮਾਂ-ਬੋਲੀ ਕਿਵੇਂ ਭੁੱਲ ਗਿਆ, ਜਿਹੜੀ ਉਸਦੀ ਅਵਾਰ ਮਾਂ ਨੇ ਸਿਖਾਈ ਸੀ।"

ਇਕ ਵਾਰ ਇਕ ਔਰਤ ਨੇ ਦੂਸਰੀ ਨੂੰ ਬਦਅਸੀਸ ਦਿੱਤੀ ਸੀ – "ਪ੍ਰਮਾਤਮਾ ਕਰੇ, ਤੇਰੇ ਬੱਚੇ ਆਪਣੀ ਮਾਂ-ਬੋਲੀ ਤੋਂ ਸੱਖਣੇ ਰਹਿ ਜਾਣ।"

ਮਹਾਤਮਾ ਗਾਂਧੀ ਅਕਸਰ ਕਿਹਾ ਕਰਦਾ ਸੀ- "ਮਾਂ-ਬੋਲੀ ਮਾਂ-ਦੁੱਧ ਸਮਾਨ ਹੈ।"

ਦਰਅਸਲ ਇਨਸਾਨ ਕਿੰਨੀ ਹੀ ਬੋਲੀ ਕਿਉਂ ਸਿੱਖਿਆ ਜਾ ਸਕਦਾ ਹੈ। ਪਰ ਜਦੋਂ ਕਦੇ ਵੀ ਉਸਦੇ ਕਦਮਾਂ ਨੂੰ ਪਰਤਾਣ ਦੀ ਲੋੜ ਪਈ, ਉਦੋਂ ਮਾਂ-ਬੋਲੀ ਹੀ ਧਰਤ ਦੇ ਜਜ਼ਬਿਆਂ ਨੂੰ ਮੋਹ ਦਾ ਰੂਪ ਦੇਵੇਗੀ। ਮਾਂ-ਬੋਲੀ ਤਾਂ ਉਹ ਦਰਵਾਜ਼ਾ ਖੁਲ੍ਹਦਾ ਹੈ, ਜਿਸਨੂੰ ਜਿੰਨਾ ਵੀ ਬਾਹਰ ਪ੍ਰਤਿਮਾ ਜਾਵੇ, ਦਰਸ਼ਿਆ ਜਾਵੇ, ਉਨ੍ਹਾਂ ਹੀ ਬਾਹਰ ਆਕੇ ਉਹ ਉਸਨੂੰ ਬਚਾਏਗਾ। ਦੂਸਰੀਆਂ ਬੋਲੀਆਂ ਦੇ ਗਿਆਨ ਬਿਨਾਂ ਸ਼ਬਦਾਂ ਦੀ ਸਾਂਝ ਦੇ ਸਹਾਰੇ ਤਾਂ ਹੋ ਸਕਦੇ ਹਨ ਪਰ ਮਾਂ-ਬੋਲੀ ਤਾਂ ਉਹ ਰੇਸ਼ਮੀ ਧਾਗਾ ਹੈ ਜਿਸਦੇ ਵਿਚ ਦੂਸਰੀਆਂ ਬੋਲੀਆਂ ਦੇ ਗਿਆਨ ਨੂੰ ਪਰੋਇਆ ਜਾਂਦਾ ਹੈ।

ਜਦੋਂ ਮਾਂ ਦੇ ਸੁਰੀਲੇ ਤੇ ਸਰਸਰਾਂਦੇ ਬੋਲਾਂ ਦੇ ਨਾਲ ਇਕ-ਭਾਸ਼ਾ ਗਿਆਨ ਦੇ ਬੋਲੀ ਦੇ ਬੋਲ ਉਤੇ ਡੂੰਘਾ ਜਾਇਆ- ਛਣਕਦੇ ਤੇ ਛਣਕਦੇ ਸਿਰੇ ਪਿਆਰੇ ਸ਼ਬਦਾਂ ਦੇ ਸੰਗੀਤਾਂ ਦਾ ਰਸ ਇਕ ਤਾਂ ਮਾਂ-ਬੋਲੀ, ਪਿਤਾ-ਇਕ ਦਾ ਰੂਪ ਧਾਰਣ ਕਰੀ ਕਿ ਪਰਾਈਆਂ ਬੋਲੀਆਂ ਨੂੰ ਪਚਾ ਲੈਣ ਸਹੇਲਾ ਪੈ ਗਿਆ।

ਮਾਂ-ਬੋਲੀ ਦੇ ਸ਼ਬਦਾਂ ਨੂੰ ਮੋੜ ਕੇ ਨਹੀਂ ਬੋਲਿਆ ਜਾਂਦਾ ਸਗੋਂ ਉਹ ਤਾਂ ਆਪ-ਮੁਹਾਰੇ ਹੀ ਲੋਕਾਂ ਦੇ ਮੂੰਹ ਚੋਂ ਬੋਲਦੇ ਹਨ। ਕਈ ਵਾਰ ਮੈਂ ਕੁਝ ਜੱਟਾਂ ਨੂੰ ਖੇਤਾਂ ਦੀਆਂ ਵੱਟਾਂ ਉਤੇ ਗਾਉਂਦੇ ਸਾਰੇ ਸੁਣਿਆ ਹੈ। ਕਿੰਨੇ ਸੋਹਣੇ ਤੇ ਸੁੱਚੇ ਹੁੰਦੇ ਹਨ ਉਨ੍ਹਾਂ ਦੇ ਬੋਲ!

ਭਾਸ਼ਾ ਬਾਰੇ ਇੰਨੇ ਵਾਦ-ਵਿਵਾਦ ਵਿਚ ਮੈਨੂੰ ਹੈਰਤ ਹੁੰਦੀ ਹੈ ਕਿ ਅਸੀਂ ਆਪਣੀ ਮਾਂ ਨੂੰ ਮਾਂ ਕਹਿਣ ਦੇ ਸੰਗੇ ਵਿਚ ਕਿਉਂ ਹਾਂ? ਉਸ ਸਮੇਂ ਅਸੀਂ ਜਾਂ ਤਾਂ ਜਨਮ ਦੀ ਉਡਾਰ ਹੁੰਦੇ ਹਾਂ ਕਿ ਅਸੀਂ ਆਪਣੀ ਮਾਂ ਤੋਂ ਹੀ ਅਧੀਨ ਗਿਆ ਲਿਆ ਹੈ ਜਾਂ ਇਹ ਬੰਜਰ ਧਰਤੀ ਦੀ ਇਕ ਉਤੇ ਲੱਗੀ ਉਸ ਭਿੱਤਰ-ਬੇਤਰ ਦੀ ਤਰ੍ਹਾਂ ਜੋ ਬੂਟਿਆਂ ਨਾਲ ਦਬੋਇਆ ਪਿਆ ਹੈ ਤੇ ਜਿਸਦੇ ਨਾਲ ਸਨ ਉਤੇ ਹੀ ਬੂਟਿਆਂ ਦੀ ਜ਼ਿੰਦਗੀ ਉਸ ਆਈ ਹੈ।

ਮੈਂ ਕਸ਼ਮੀਰ ਦੇ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿਚ ਸਾਰੇ-ਧਸਾਰੇ ਘੁੰਮਿਆ ਹਾਂ। ਮੈਂ ਇਥੋਂ ਲੋਕਾਂ ਨੂੰ ਆਪਣੀ ਮਾਂ-ਬੋਲੀ ਦੀ ਅਸਲੀ ਕਦਰ ਕਰਦਿਆਂ ਤੱਕਿਆ ਹੈ। ਇਥੇ ਦਿਆਂ ਗਲੀਆਂ-ਕੂਚਿਆਂ ਵਿਚੋਂ ਮੇਰਾ ਕਈਆਂ ਸਧਾਰਨ ਲੋਕਾਂ ਨਾਲ ਵਾਸਤਾ ਪਿਆ ਹੈ ਜੋ ਭਾਵੇਂ ਬਹੁਤ ਅੰਗਰੇਜ਼ੀ ਬੋਲ ਸਕਦੇ ਹਨ ਪਰੰਤੂ ਉਨ੍ਹਾਂ ਅਕਸਰ ਮੈਨੂੰ ਕਸ਼ਮੀਰੀ ਭਾਸ਼ਾ ਬੋਲਣ ਦੀ ਸਲਾਹ ਦਿੱਤੀ ਹੈ। ਮੈਂ ਇਥੇ ਦੀ ਕਿਸੇ ਦੁਕਾਨ,- ਹੋਟਲ ਦੇ ਬੈਰਾਂ ਨੂੰ ਅੰਗਰੇਜ਼ੀ ਭਾਸ਼ਾ ਵਿਚ ਗੱਲਾਂ ਕਰਦਿਆਂ ਨਹੀਂ ਤੱਕਿਆ। ਕਿਸੇ ਸਟੇਸ਼ਨ ਉਤੇ, ਕਿਸੇ ਸੜਕ ਉਤੇ, ਕਿਸੇ ਆਮ ਸੈਲਾਨੀ ਸਾਰੇ ਜਨ ਥਾਵਾਂ ਉਤੇ ਮੈਨੂੰ ਅੰਗਰੇਜ਼ੀ ਬੋਲੀ ਜਾਣੀ ਨਹੀਂ ਮਿਲੀ। ਸਹਾਂ ਨਗਰ - ਸ੍ਰੀਨਗਰ ਦੇ ਮੈਨੂੰ ਇਕ ਬਹੁਤ ਵੱਡੇ ਕਸ਼ਮੀਰੀ ਪਾਠ ਨੂੰ ਵੇਖਣ ਦਾ ਮੌਕਾ ਮਿਲਿਆ ਅੰਗਰੇਜ਼ੀ ਸਾਹਿਬ ਨਹੀਂ ਇਕ ਸੰਸਥਾ ਅਤੇ ਕਸ਼ਮੀਰੀ ਪਾਠ ਵਿਚ ਬੈਠਿਆਂ ਸਾਰੀਆਂ ਤਕਰੀਬਨ ਸਭ ਚੀਜ਼ਾਂ ਦੇ ਨਾਂ ਇਥੇ ਇਕ ਕਸ਼ਮੀਰ ਭਾਸ਼ਾ ਵਿਚ ਹੀ ਲਿਖਿਆ ਗਿਆ ਸੀ। ਇਥੇ ਮੈਂ ਆਪ ਨੂੰ ਅਫ਼ਸੋਸ ਨਾਲ ਦੱਸ ਦੇਵਾਂ ਚਾਹੁੰਦਾ ਹਾਂ ਕਿ ਕਸ਼ਮੀਰ ਵਿਚ ਬਾਹਰੋਂ ਆਏ ਲੋਕਾਂ ਦੀ ਗਿਣਤੀ ਆਮ ਦੇਸ਼ਾਂ ਵਿਚ ਹੋਰ ਵਿਦੇਸ਼ੀਆਂ ਨਾਲੋਂ ਕਿਤੇ ਵੱਧ ਹੈ। ਪਰੰਤੂ ਇਸ ਦੀ ਵਿਦੇਸ਼ੀਆਂ ਦੀ ਗੜਬੜ ਦਾ ਅਧਿਆਸ ਕਸ਼ਮੀਰ ਭਾਸ਼ਾ ਹੀ ਹੈ।

ਮੈਨੂੰ ਇਹ ਤਦੀ ਤਾਂ ਯਾਦ ਹੈ ਜਦੋਂ ਮੈਂ ਪੰਜਾਬ ਯੂਨੀਵਰਸਿਟੀ ਦਾ ਵਿਦਿਆਰਥੀ ਸਾਂ ਤਾਂ ਕੈਂਪਸ ਵਿਚ ਅਕਸਰ ਕਰ ਕੁੜੀਆਂ ਮੁੰਡਿਆਂ ਆਪਸ ਵਿਚ ਮੁੰਡਿਆਂ ਨੂੰ ਵੇਖ ਕੇ ਅਕਸਰ ਇੰਗਲਿਸ਼ ਵਿਚ ਗੱਲ ਕਰਨੀ ਸ਼ੁਰੂ ਕਰ ਦਿੰਦੀਆਂ ਅਤੇ ਮੁੰਡਿਆਂ ਦੇ ਸੰਘ ਜਾਣ ਤੇ ਇਹ ਉਹੀ ਪੰਜਾਬੀ ਵਿਚ ਗੁਫ਼ਤਗੂ ਹੁੰਦੀ। ਉਹ ਉਨ੍ਹਾਂ ਉਤੇ ਇਕ ਤਾਂ ਦਾ ਰੋਅਬ ਪਾਉਣ ਵਾਲੀ ਗੱਲ ਹੁੰਦੀ ਕਿ ਅੰਗਰੇਜ਼ੀ ਬੋਲ ਸਕਣਾ ਸਾਡੇ ਲਈ ਆਮ ਜਿਹੀ ਗੱਲ ਹੈ। ਸਾਡੇ ਲੋਕ ਕਈ ਵਾਰ ਅੰਗਰੇਜ਼-ਦੇ-ਸਭਤੀ ਦਾ ਸ਼ਿਕਾਰ ਹੁੰਦੇ ਹਨ ਤੇ ਬਹੁਤੇ ਮਾਨਸਿਕ ਤੌਰ ਤੇ ਰੋਗੀ ਵੀ।

ਇਕ ਵਾਰ ਮੈਂ ਦੇ ਸ਼ਹਿਰ ਸਟੇਸ਼ਨ ਉਤੇ ਇਕ ਸਪੈਨਿਸ਼ ਕੁੜੀ ਨੇ ਮੈਨੂੰ ਉਲਾਂਭਾ ਦਿੱਤਾ ਸੀ ਕਿ ਤੁਸੀਂ ਲੋਕ ਆਪਣੀ ਮਾਂ-ਬੋਲੀ ਨਾਲ ਬਹੁਤ ਘੱਟ ਪਿਆਰ ਕਰਦੇ ਹੋ। ਮੈਂ ਇਹ ਸੁਣਦਿਆਂ ਸੁੰਨ ਹੋ ਗਿਆ ਸਾਂ। ਉਹ ਸੈਲਾਨੀ ਕੁੜੀ ਪੰਜਾਬ ਵਿਚ ਕੁਝ ਮਹੀਨੇ ਰਹਿ ਆਈ ਸੀ।

ਅੱਜ ਕੱਲ ਕਸ਼ਮੀਰੀ ਦੇ ਜਿਸ ਪਿੰਡ-ਨਗਰ ਸ਼ਹਿਰ ਵਿਚ ਮੈਂ ਰਹਿ ਰਿਹਾ ਹਾਂ, ਇਥੇ ਲੋਕ ਵੀ ਸਾਰੀ ਪੰਜਾਬੀ ਸੁੱਚੇ ਢੰਗ ਨਾਲ ਰਹੇ ਹਨ ਤੇ ਇਹਨਾਂ ਵਿਚ ਕੇਰਲਾ ਸੂਬੇ ਤੋਂ ਆਇਆ ਹੋਇਆ ਇਕ ਵਿਗਿਆਨਕ ਵੀ ਹੈ। ਜਦੋਂ ਉਹ ਏਥੇ ਤੋਂ ਇਧਰ ਆਇਆ ਸੀ ਤਾਂ ਬਿਲਕੁਲ ਪੰਜਾਬੀ ਹਿੰਦੀ ਤੋਂ ਕੋਰਾ ਸੀ। ਪਰੰਤੂ ਅਜਕਲ ਉਹ ਪੰਜਾਬੀ ਦੀ ਬਜਾਏ ਹਿੰਦੀ ਬੋਲ ਸਕਦਾ ਹੈ ਕਿਉਂਕਿ ਸਾਡੇ ਲੋਕਾਂ ਨੇ ਉਸਨੂੰ ਪੰਜਾਬੀ ਦੀ ਬਜਾਏ ਹਿੰਦੀ ਸਿਖਾਈ ਹੈ ਤੇ ਕਦੇ ਕਦੇ ਉਹ ਮਖੌਲ ਵਜੋਂ ਮੈਨੂੰ ਕਿਹਾ ਵੀ ਕਰਦਾ ਹੈ ਕਿ 'ਪੰਜਾਬੀ ਲੋਕ ਦੂਸਰੀਆਂ ਬੋਲੀਆਂ ਦੇ ਬਹੁਤਾ ਅਧਿਆਪਕ ਹਨ।'

ਇੰਝ ਹੀ ਮੇਰੇ ਸ਼ਹਿਰ ਵਿਚ ਬਾਹਰ ਵਾਲੇ ਇਕ ਗੁਰਦੁਆਰਾ, ਮੰਦਰ ਗੁਰਦੁਆਰਾ ਦੇ ਦੂਸਰੀਆਂ ਦੀਆਂ ਅੱਠ ਬੋਲੀਆਂ ਵਿਚ ਸਿਗਰਟ ਪੀਣ ਦੀ ਮਨਾਹੀ ਵਜੋਂ ਆਪਣੇ ਦਰਵਾਜ਼ੇ ਉਤੇ ਇਕ ਲਿਖਿਆ ਬੋਰਡ ਲਾਇਆ ਹੋਇਆ ਹੈ। ਪਰੰਤੂ ਉਸ ਬੋਰਡ ਉਤੇ ਪੰਜਾਬੀ ਵਿਚ ਸਿਗਰਟ ਪੀਣ ਦੀ ਮਨਾਹੀ ਨਹੀਂ ਲਿਖੀ ਗਈ, ਜਦ ਕਿ ਇਹ ਖ਼ਾਸ ਤੌਰ ਤੇ ਉਸਦਾ ਮਕਸਦ ਪੰਜਾਬੀਆਂ ਨੂੰ ਆਪਣੇ ਸਾਰੇ ਵਿਚ ਸਿਗਰਟ ਪੀਣ ਤੋਂ ਰੋਕਣਾ ਸੀ। ਪਰੰਤੂ ਜਦੋਂ ਮੈਂ ਉਸਨੂੰ ਉਸਦੀ ਗਲਤੀ ਤੋਂ ਜਾਣੂ ਕਰਾਇਆ ਤਾਂ ਉਸਨੇ ਇਸ ਗੱਲ ਨੂੰ ਕਬੂਲਣ ਤੋਂ ਸਾਫ਼ ਇਨਕਾਰ ਕਰ ਦਿੱਤਾ।

ਬੜੀ ਸ਼ਰਮ ਦੀ ਗੱਲ ਹੈ ਕਿ ਕੁਝ ਸ਼ਹਿਰੀਆਂ ਨੇ ਮਾਂ-ਬੋਲੀ ਦਾ ਤਿਆਗ ਹੀ ਦਿਖਾਵੇ ਵਿਚ ਹੈ। ਕਈ ਅੱਜਕਲ ਅਤੇ ਵਿਦਿਆਰਥੀਆਂ ਨੇ ਸਰੀਰ-ਸੰਗ ਸ਼ਬਦਾਂ ਨਾਲ ਆਪਣੇ ਸਰੀਰ ਨੂੰ ਇੰਝ ਢਕਿਆ ਹੈ ਕਿ ਮੁਹੱਲੇਦਾਰ ਪੱਛਮੀਕਰਣ ਵਿਚ ਗੁੰਮ ਹੋ ਜਾਵੇ। ਉਹ ਮਾਂ-ਬੋਲੀ ਦੀ ਬਜਾਏ ਕਿਸੇ ਵਿਦੇਸ਼ੀ ਭਾਸ਼ਾ ਵਿਚ ਗੱਲਬਾਤ ਕਰਕੇ ਆਪ ਵਾਲੀ ਗੱਲ ਸਮਝਦੇ ਹਨ। ਅਸਲ ਵਿਚ ਉਸ ਸਮੇਂ ਉਨ੍ਹਾਂ ਦੀ ਹਾਲਤ ਉਸ ਆਵਾਰਾ ਬੱਚੇ ਦੀ ਤਰ੍ਹਾਂ ਹੁੰਦੀ ਹੈ ਜੋ ਚੱਟਾ ਹੋਣਾ ਪਹਿਨ ਮਾਪਾਂ ਦੇ ਤੋਰੇ ਜਾ ਭਟਕੀ ਦਰਗਾਹ ਤੋਂ ਗਿਆ ਹੋਵੇ। ਉਸ ਸਮੇਂ ਨਾ ਤਾਂ ਉਹ ਘਰ ਮੁੜ ਕੇ ਮਾਪਾਂ ਦਾ ਪੁੱਤਰ ਅਖਵਾ ਸਕਦਾ ਹੈ ਨਾ ਹੀ ਆਪਣੇ ਮਾਂ-ਪਿਉ ਦੀ ਪਛਾਣ ਦੇ ਸਕਦਾ ਹੈ।

ਏਥੇ ਦੇਖੀ ਸ਼ਹਿਰਾਂ ਵਿਚ ਇਹ ਆਮ ਰਿਵਾਜ਼ ਬਣਦਾ ਜਾ ਰਿਹਾ ਹੈ ਕਿ ਬੱਚੇ ਪੜ੍ਹਨ ਲਈ ਅੰਗਰੇਜ਼ੀ ਸਕੂਲਾਂ ਵਿਚ ਭੇਜੇ ਜਾ ਰਹੇ ਹਨ। ਉਨ੍ਹਾਂ ਨੂੰ ਆਪਣੀ ਮਾਂ-ਬੋਲੀ ਜਾਣਨ ਤੋਂ ਵਿਰਵਿਆਂ ਰੱਖਿਆ ਜਾ ਰਿਹਾ ਹੈ। ਮੈਂ ਉਸ ਸਮੇਂ ਗਹਿਰੇ ਦੁੱਖ ਵਿਚ ਡੁੱਬ ਜਾਂਦਾ ਹਾਂ ਜਦੋਂ ਇਕ ਮੈਂਸ਼ਨ ਬੱਚੇ ਦੀ ਮਾਂ ਬੱਚੇ ਨੂੰ ਵਿਦੇਸ਼ੀ ਭਾਸ਼ਾ ਸਿੱਖਣ ਲਈ ਵਿਦੇਸ਼ੀ ਸਕੂਲ ਵਿਚ ਪੁੱਜਦੀ ਹੈ। ਅਜਿਹਾ

ਆਖ਼ਰ ਮੈਂ ਉੱਚ-ਸਿੱਖਿਅਤ ਤੇ ਬੁੱਧੀਜੀਵੀ ਵਰਗ ਨੂੰ ਸੰਬੋਧਨ ਕਰ ਰਿਹਾ ਹਾਂ। ਪ੍ਰੋਫੈਸਰ ਇਸ ਵਿਚਾਰ ਨੂੰ ਜ਼ਿਹਨ ਚ ਰੱਖਦੇ ਹਨ। ਤੁਹਾਡਾ ਇਤਿਹਾਸਕ ਖੂਨ ਅੱਜ ਕਿਉਂ ਨਾਸ਼ ਨੂੰ ਜਾ ਰਿਹਾ ਹੈ? ਉਹ ਮਾਂ, ਜਿਸਨੂੰ ਸਦੀਆਂ ਤੋਂ 'ਆਪਣੀ' ਕਹਿਣ ਦਾ ਰੁਤਬਾ ਸਾਨੂੰ ਪ੍ਰਾਪਤ ਨਹੀਂ ਹੋਇਆ ਸੀ, ਕੀ ਅੱਜ ਤੱਕ ਵੀ ਅਸੀਂ ਉਸਨੂੰ ਦੁਰਕਾਰਦੇ ਰਹਾਂਗੇ? ਉਹ ਤਾਂ ਤੁਹਾਥੋਂ ਭੀਖ ਨਹੀਂ ਮੰਗਦੀ। ਉਸ ਕੁਆਰੀ ਧੜ ਦੇ ਬੈਠਾ ਹੈ। ਕੁਝ ਹੱਥ ਦਰ ਦਰ ਦੀ ਠੋਕਰ ਨਹੀਂ ਖਾਂਦਾ।

ਲੇਖਕ ਤੇ ਇਨ੍ਹਾਂ ਵਿਚ ਅੰਗਰੇਜ਼ੀ ਭਾਰਤੀ ਪ੍ਰਕਾਸ਼ੀ ਮੰਨੇ ਜਾਂਦੇ ਦਲਿਤਕੀ ਭਾਸ਼ਾ ਬੋਲਦੇ ਫਿਰਦੇ ਹਨ। ਕਈ ਵਾਰ ਉਹ ਆਪ ਨਾਲ ਗੱਲਾਂ ਗੱਲਾਂ ਵਿਚ ਆਖਦੇ ਹਨ ਕਿ ਸਾਡੇ ਬੱਚਿਆਂ ਬੱਚੇ ਨੂੰ ਉੱਕੀ ਹੀ ਪੰਜਾਬੀ ਨਹੀਂ ਆਉਂਦੀ। ਮੈਂ ਅੱਜ ਤੱਕ ਇਹ ਸਮਝਣੋਂ ਅਸਮਰਥ ਹਾਂ ਕਿ ਆਖਰ ਇਸ ਵਿਚ ਮਾਣ ਵਾਲੀ ਗੱਲ ਹੈ ਕਿਹੜੀ? ਜੋ ਮਾਂ-ਬੋਲੀ ਤੋਂ ਦੂਰ ਹੋਏ ਜੋਵੇ। ਤੁਹਾਡੀਆਂ ਜੜ੍ਹਾਂ ਨੂੰ ਅੱਗ ਕੀ ਤੇ ਲਿਆ? ਉਹ ਜੜ੍ਹਾਂ ਜਿਹੜੀਆਂ ਧਰਮ ਦੇ ਸਰਹੱਦੀਆਂ ਨਹੀਂ ਵੰਡੀਆਂ - ਉਹ ਜੜ੍ਹਾਂ ਜਿਹੜੀਆਂ ਪੰਜ ਦੀ ਧਰਤ ਨਾਲ ਉਤੇ ਫੈਲੀ ਹੋਈਆਂ ਕਰਦੀਆਂ ਹਨ - ਉਨ੍ਹਾਂ ਮਾਂ-ਬੋਲੀ ਦੀ ਮਹਾਨਤਾ ਨੂੰ ਕਿਉਂ ਖੋ ਦਿੱਤਾ ਹੈ? ਕੀ ਅਸੀਂ ਬੋਲੀ ਦੀ ਮਹਿਮਾ ਲਿਖਣ ਦੇ ਇਕਰਾਰਾਂ ਦੀ ਭਾਸ਼ਾ ਵਿਚ ਗਾ ਸੰਪਰਕਾਂਗੇ? ਜਾਂ ਮੂੰਹ ਕੁਝ ਤੇ ਕਿਸੇ ਹੋਰ ਬੋਲੀ ਦੀ ਸ਼ਬਦ ਵਿਚ ਗਾ ਸੁਣਾਂਗੇ? ਜਿਥੇ ਅੱਜ ਵਲੀਆਂ ਟੀਆਂ ਦੂਸਰੀਆਂ ਬੋਲੀਆਂ ਸਾਹਿਤਕ ਦੀਆਂ ਸੱਤਾਂ ਦਾਰ ਰਹ ਸਾਰ ਅੱਗੇ ਵਧ ਰਹੀਆਂ ਹਨ ਉਥੇ ਅਸੀਂ ਅੱਜ ਵੀ ਵਿਦੇਸ਼ੀ ਭਾਸ਼ਾਵਾਂ ਦਾ ਸਹਾਰਾ ਪਕੜੀ ਬਣਦੇ ਫਿਰਦੇ ਹਾਂ।

ਕੀ ਅਸੀਂ ਆਪਣੀ ਮਾਂ ਦੇ ਉਨ੍ਹਾਂ ਬੋਲਾਂ ਦੀ ਕਦਰ ਜਾਣਾ ਚਾਹਾਂਗੇ ਜਿਨ੍ਹਾਂ ਉਸ ਸਾਨੂੰ ਜੂੰਝੇ ਬਾਰੇ ਸਾਉਣਿਆਂ ਇਕਸਾਰ ਹੋਏ ਕਰ ਨਾਲ ਸਾਥੇ ਸਨ। ਕੀ ਅਸੀਂ ਉਨ੍ਹਾਂ ਕਿਤਾਬੀਆਂ ਨੂੰ ਭੁੱਲ ਜਾਵਾਂਗੇ ਜਿਹੜੀਆਂ ਅਸੀਂ ਮਾਂ ਦੀਆਂ ਗੋਦ ਬਾਤੀਆਂ ਤੇ ਲੇਖਾ ਦੁਧ ਪੀਣ ਨਹੀਂ ਸੁਣੀਆਂ? ਸਾਨੂੰ ਤਾਂ ਮਾਂ-ਬੋਲੀ ਦੀ ਅੰਮ੍ਰਿਤ ਰੂਪੀ ਜੋਤ ਅੱਗੇ ਤੇ ਇਕ ਕੋਈ ਪਰੇਸ਼ੀ ਤੇ ਦੂਜੀਆਂ ਬੋਲੀਆਂ ਨੂੰ ਆਖ ਦੇਣਾ ਹੋਵੇਗਾ -

'ਅਸੀਂ ਆਪਣੀ ਮਾਂ-ਬੋਲੀ ਦੀ ਰਾਤ ਪਰਤਾਣ ਨਹੀਂ ਦੇ।,
ਅਸੀਂ ਆਪਣੀ ਮਾਂ-ਬੋਲੀ ਦੀ ਰਾਤ ਪਰਤਾਣ ਨਹੀਂ ਦੇ!!'


ਕੈਨੇਡਾ ਦੇ ਨੌਜਵਾਨ ਕਹਾਣੀਕਾਰ:

'ਅਮਰਜੀਤ ਚਾਹਲ'

ਦਾ ਕੈਨੇਡਾ ਵਿਚ ਰਹਿ ਰਹੇ ਪੰਜਾਬੀਆਂ ਦੇ ਜੀਵਨ ਨੂੰ ਚਿਤਰਦੀਆਂ ਕਹਾਣੀਆਂ ਦਾ ਪਹਿਲਾ ਸੰਗ੍ਰਹਿ

"ਬਾਹਰੋਂ ਆਇਆ ਆਦਮੀ"

ਮੁੱਲ ਦੋ ਡਾਲਰ / ਫੋਨ – 892-3085
ਜਾਂ 437-9014

# Meet the man from Sun Life

**In Vancouver, Mr. Gill is a good man to know.**
**Mo Gill, B. Comm, MBA. CGA, is one of Sun Life of Canada's top professionals. Which means he's very good at what he does. And What he does is to provide people with the very best life insurance protection money can buy. Mo Gill's professional services are always at your disposal.**
**Call him soon at 682-8441**



MOHINDAR S. GILL, B.COMM., M.B.A., C.G.A.

**Telephone: Off: 682-8441**
**Res: 433-1684**

**Get your life in shape.**

**SunLife**
OF CANADA

VANCOUVER ROYAL CENTRE BRANCH
SUN LIFE ASSURANCE COMPANY OF CANADA
730 - 1055 W. GEORGIA ST.
VANCOUVER 5, B.C.

# ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੌਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।

**Largest of it's kind in North America**

ਦੂਸਰਿਆਂ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

**British Columbia's Finest Indian Grocery Store**

## 327-0295

5125 VICTORIA
DRIVE VANCOUVER

---

# Try Raja's Famous



TANDOORIE CHICKEN
**MAKKI—DI-ROTTI & SAAG**
AT

# Tandori Hut

*LICENSED*

**PHONE: 325-5014**

**7209 Main St. Vancouver**

---

FOR YOUR
INSURANCE
NEEDS:
SUCH AS —



- **AUTO INSURANCE**
- **BUSINESS**
- **COMMERCIAL**
- **HOME OWNERS**
- **TRAVEL INSURANCE**

*BALDEV SANGRA*
*BUS: (604) 321-4125*
*RES; (604) 687-7711*
*PAGER: 7648*

Autoplan

*RES: 325-5857*

ਹਰ ਪਕਾਰ ਦੇ ਬੀਮੇ ਜਿਵੇਂ ਕਾਰ,ਟ੍ਰੱਕ,
ਮਕਾਨ, ਅਤੇ ਕੈਂਪਰ ਆਦਿ ਲਈ ਸਾਡੀਆਂ
ਸੇਵਾਵਾਂ ਹਾਜ਼ਰ ਹਨ।

*W. H. Gallagher Ltd.*

**5186 VICTORIA DR.**
**VANCOUVER, B.C. V5P 3V2**

---

**If you are looking for**
***Quality**
*** Quality**
*** Price**
*** After sale service when buying your car contact**



**Kuldip S. Jhand**

ਕਿਸੇ ਪਰਕਾਰ ਦੀ ਕਾਰ ਖ਼੍ਰੀਦਣੀ ਜਾਂ
ਟਰੇਡ ਕਰਨੀ ਹੋਵੇ ਤਾਂ ਖ਼੍ਰੀਦਣ
ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫ਼ੂਨ ਕਰੋ



**Office**
## 521-7731
**Res. 524-4137**

# WESTMINSTER CHEVROLET-OLDSMOBILE

12 th Ave. at Queens Ave
New West Minster

ਵਤਨੋਂ ਦੂਰ ਪਬਲੀਕੇਸ਼ਨਜ਼ ਦੀ ਪਹਿਲੀ ਗੌਰਵਮਈ ਪੇਸ਼ਕਸ਼

ਕਵਿਤਾ, ਆਲੋਚਨਾ ਤੇ ਚਿੱਤਰਕਲਾ ਦਾ ਵਿਲੱਖਣ ਸੁਮੇਲ

ਕੈਨੇਡਾ ਦੇ ਤਿੰਨ ਕਵੀਆਂ

ਇਕਬਾਲ ਰਾਮੂਵਾਲੀਆ, ਸੁਰਿੰਦਰ ਧੰਜਲ, ਸੁਖਿੰਦਰ.

ਦਾ ਸਾਂਝਾ ਕਾਵਿ-ਸੰਗ੍ਰਹਿ



# ਤਿੰਨ ਕੋਣ

ਮੁੱਖ-ਚਿਤਰ, ਇਲੱਸਟਰੇਸ਼ਨਜ਼, ਹੱਥ-ਲਿਖਤ: ਸੁਰਿੰਦਰ ਧੰਜਲ
ਕੀਮਤ: ਤਿੰਨ ਡਾਲਰ, ਅਪਰੈਲ 79
ਪ੍ਰਕਾਸ਼ਕ: ਵਤਨੋਂ ਦੂਰ ਪਬਲੀਕੇਸ਼ਨਜ਼
ਬਾਕਸ 67681- ਪੋਸਟਲ ਸਟੇਸ਼ਨ "ਓ"
ਵੈਨਕੂਵਰ, ਬੀ.ਸੀ., V5W 3V2

# GOYAL IMPORT & EXPORT

**ਇਲੈਕਟਰਨਿਕਸ ਦਾ ਸਮਾਨ ਖ਼੍ਰੀਦਣ ਲਈ ਤੁਹਾਨੂੰ ਹਾਂਗਕਾਂਗ ਵਿੱਚ ਠਹਿਰਣ ਦੀ ਲੋੜ ਨਹੀਂ ਸਾਡੇ ਸ਼ੋ ਰੂਮ ਚ ਦਰਸ਼ਨ ਦਿਓ**

**110V** ਅਸੀਂ ਸਾਰਾ ਸਮਾਨ ਬਹੁਤ ਹੀ ਸਸਤੇ ਭਾਅ ਵੇਚਦੇ ਹਾਂ! **220V**



Rajinder Goyal

ALSO
* SONY, J.V.C., SANYO RADIO & CASETTE RECORDER
* NATIONAL PANASONIC CASETTE RECORDER
* PANASONIC CALCULATOR



220V
SPECIAL
SWISS & JAPANESE WATCHES
AT SURPRISING LOW PRICES
TIME PIECES
* 110/220V
DRYERS

**QUASSAR**
Quartz Loud Alarm
WATCH
REG. $60.00
SALE $44.00



SONY 4 BAND STEREO CASSETTE RECORDER

## PH: 873-8308 or 873-8309

**4156 FRASER ST., VANCOUVER, B.C. V5V 4E8**

## ਸਮੇਂ ਦੀ ਪੈੜ

ਹਰਦੇਵ ਸਿੰਘ 'ਕਲਸੀ'

ਹਰ ਰੋਜ਼
ਮੈਂ ਸਵੇਰੇ ਉਠ ਕੇ
ਜਦੋਂ ਵੇਖਦਾ ਹਾਂ
ਸੁਰਖੀਆਂ ਅਖਬਾਰਾਂ ਦੀਆਂ
ਜਾਂ ਸੁਣਦਾ ਹਾਂ
ਅਕਾਸ਼ਬਾਣੀ ਤੋਂ
ਪਰਦੇਸ਼ਕ ਸਮਾਚਾਰ
ਜੋ ਹਰ ਰੋਜ਼ ਹੀ
ਡੀਗਾਂ ਮਾਰਦਾ ਹੈ
ਦੇਸ਼ ਦੀਆਂ ਤਰੱਕੀ ਦੀਆਂ
'ਹਰੀ ਕ੍ਰਾਂਤੀ' ਦੀਆਂ
ਅਨਪੜ੍ਹਤਾ ਨੂੰ ਦੂਰ ਕਰਨ ਦੀਆਂ
ਜਾਂ ਗਰੀਬੀ ਦੇ ਖਾਤਮੇ ਦੀਆਂ
ਤਾਂ ਬੰਦ ਕਰ ਦੇਂਦਾ ਹਾਂ
ਖਿਝ ਕੇ ਆਪਣਾ ਰੇਡੀਓ
ਤੇ ਸੋਚਣ ਲੱਗ ਪੈਂਦਾ ਹਾਂ
ਸਹੀ ਅਰਥਾਂ ਵਿਚ
ਦੇਸ਼ ਦੀ ਹੋ ਰਹੀ ਤਰੱਕੀ ਬਾਰੇ।

ਫਿਰ ਸੋਚਦਾ ਹਾਂ
ਭਲਾ ਕਿੰਨਾ ਕੁ ਚਿਰ
ਅਸੀਂ ਆਪਣੇ ਚਿਹਰਿਆਂ ਤੇ
ਨਕਾਬ ਚਾੜ੍ਹ ਕੇ
ਰਹਾਂਗੇ ਵੇਖਦੇ ਤੇ ਸੁਣਦੇ
ਇਹ ਸਭ ਕੁੱਝ
ਤੇ ਕਿੰਨੇ ਕੁ ਚਿਰ ਤੱਕ
ਕੀਤਾ ਜਾ ਸਕਦਾ ਹੈ ਅਣਡਿੱਠ
ਇਨ੍ਹਾਂ ਲੋਕਾਂ ਦੀਆਂ ਕਰਤੂਤਾਂ ਨੂੰ
ਜੋ ਕੀੜਿਆਂ ਦੇ ਭੌਣ ਵਾਂਗ
ਤੇ ਅਸਲੀ ਚਿਹਰੇ ਢਕ ਕੇ
ਹਰ ਪੰਜਾਂ ਸਾਲਾਂ ਪਿਛੋਂ
ਸਾਥੋਂ ਵੋਟਾਂ ਲੈਕੇ
ਚੜ੍ਹ ਜਾਂਦੇ ਹਨ
ਸਾਡੇ ਹੀ ਸਿਰਾਂ ਤੇ
ਤੇ ਕਰ ਲੈਂਦੇ ਹਨ ਕਬਜ਼ਾ
ਚੰਡੀਗੜ੍ਹ ਜਾਂ ਦਿੱਲੀ ਵਿਚ
ਜਾ ਕੇ
ਗੱਦਿਆਂ ਵਾਲੀਆਂ ਕੁਰਸੀਆਂ।

ਪਰ ਕੁਝ ਅਸੀਂ
ਦੇਖ ਚੁੱਕੇ ਹਾਂ ਬਹੁਤ ਕੁੱਝ
ਇਨ੍ਹਾਂ ਅਜ਼ਾਦੀ ਦੇ
ਬੱਤੀ ਵਰ੍ਹਿਆਂ ਵਿਚ
ਤੇ ਵਾਕਫ ਹਾਂ ਚੰਗੀ ਤਰ੍ਹਾਂ
ਇਨ੍ਹਾਂ ਦੇ ਤੌਰ ਤਰੀਕਿਆਂ ਤੋਂ
ਕੁਝ ਤਾਂ ਬਸ

ਅਸੀਂ ਲੇਖਾ ਕਰਨਾ ਹੈ
ਇਨ੍ਹਾਂ ਦੀਆਂ
ਦਿਨੋ ਦਿਨ ਵਧ ਰਹੀਆਂ
ਧਾਂਦਲੀਆਂ ਨੂੰ
ਤੇ ਆਪਾ ਪਛਾਣ ਕੇ
ਨਾਪਣੀ ਹੈ
ਸਮੇਂ ਦੀ ਪੈੜ।

o o o

## ਇਕ ਕਵਿਤਾ

— ਸੁਲੱਖਣ ਮੀਤ

ਜਿਸ ਦੇਸ਼ ਵਿਚ ਮੇਰੀ ਅੱਖ ਖੁੱਲੀ ਸੀ
ਜੇ ਮੇਰੀ ਅੱਖ ਅੱਜ ਉਸ ਦੇਸ਼ ਵੱਲ ਤੱਕਦੀ ਹੈ
ਤਾਂ ਉਹ ਮੇਰਾ ਗੁਨਾਹ ਹੁੰਦਾ ਹੈ।

ਮੈਂ ਜਿਸ ਦੇਸ਼ ਦੇ ਬੱਚਿਆਂ ਨਾਲ
ਆਪਣੀ ਉਮਰ ਦੀ ਪਹਿਲੀ ਗੱਲ ਕੀਤੀ ਸੀ
ਮੈਂ ਜੇ ਉਹਨਾਂ ਨਾਲ
ਅੱਜ ਦਿਲ ਦੀ ਗੱਲ ਕਰਨੀ ਚਾਹੁੰਦਾ ਹਾਂ
ਤਾਂ ਮੇਰੀ ਉਹ ਗੱਲ
ਰਾਹ ਵਿਚ ਹੀ ਰੋਕ ਲਈ ਜਾਂਦੀ ਹੈ।

ਜਿਸ ਧਰਤੀ ਨੇ ਮੈਨੂੰ
ਆਪ ਤੁਰਨਾ ਸਿਖਾਇਆ ਸੀ
ਜੇ ਉਸ ਧਰਤੀ ਵੱਲ ਅੱਜ ਮੈਂ ਪੈਰ ਪੁੱਟਦਾ ਹਾਂ
ਤਾਂ ਕਾਨੂੰਨ ਮੇਰਿਆਂ ਪੈਰਾਂ ਵਿਚ ਬੇੜਾ ਪਹਿਨਾ ਦੇਂਦਾ ਹੈ।

ਕਿਉਂਕਿ ਮੇਰੀ ਸੋਚ ਤੇ
ਸਰਹੱਦ ਦੀ ਕੋਈ ਲੀਕ ਲਾਗੂ ਨਹੀਂ ਹੁੰਦੀ
ਕਿਉਂਕਿ ਮੇਰੀ ਸੋਚ ਤਾਂ ਪੰਛੀ ਵਰਗੀ ਹੈ
ਉਸ ਨੂੰ ਕੋਈ ਰਾਹ ਵਿਚ ਰੋਕ ਨਹੀਂ ਸਕਦਾ
ਇਸ ਲਈ ਮੈਂ ਜਦੋਂ ਵੀ ਚਾਹੁੰਦਾ ਹਾਂ
ਆਪਣੀ ਸੋਚ ਨੂੰ
ਪੋਲੀ ਜਿਹੀ ਤੋਰ ਦੇਂਦਾ ਹਾਂ ਉਸ ਦੇਸ਼ ਵੱਲ
ਮੇਰੀ ਸੋਚ ਦਾ ਇਕ ਪੈਰ ਮੇਰੇ ਜਿਹਨ ਤੇ ਹੁੰਦਾ ਹੈ
ਅਤੇ ਦੂਸਰਾ ਰਾਵੀ ਤੋਂ ਪਾਰ।

o o o


**VICON MEDIC PHARMACY**

ਵਾਈਕਾਨ ਫਾਰਮੇਸੀ ਤੁਹਾਡੀ ਸਹੂਲਤ ਲਈ
6407 MAIN ST. ਤੇ ਖੁੱਲ ਗਿਆ ਹੈ। ਇਥੇ ਤੁਸੀਂ ਦਵਾਈਆਂ ਅਤੇ ਹੋਰ ਮੈਡੀਕਲ ਸਾਮਾਨ ਬਹੁਤ ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ। ਖੁਦ ਆਓ ਤੇ ਅਜ਼ਮਾ ਕੇ ਦੇਖੋ।

**TEL: 324-3177**

KENNY K. H. NG B.Sc. (PHARM.) R.P.E.B.C.

PAUL C. Y. FU B.Sc. (PHARM.) R.P.E.B.C.

**6407 MAIN ST.**
**VANCOUVER, B.C.**

## ਨਮਸਕਾਰ

ਇਕਬਾਲ
ਰਾਮੂਵਾਲੀਆ
(ਟਰਾਂਟੋ)

ਸ਼ੋਰ-ਸ਼ੂਕ ਛੱਡੇ ਬੁੱਢਿਆਂ ਦਰਿਆਵਾਂ ਨੂੰ ਵੀ ਨਮਸਕਾਰ!
ਜੋ ਭਰ ਜੋਬਨ ਜ਼ਖ਼ਮਾਂ ਨੂੰ ਸ਼ੋਰ ਨਾਲ ਆਖਦੇ ਨੇ:
"ਜਾਓ! ਸਾਨੂੰ ਤਾਂ ਉਮਰ ਭਰ ਨਹੀਂ ਆਇਆ
ਘੋੜੇ ਵਾਂਗੂੰ ਖਹਿ ਖਹਿਕੇ ਵਗਣ ਦਾ ਤਰੀਕਾ!"

ਅਸੀਂ ਤਾਂ ਫਰਿਆਦਾਂ ਦੇ ਤੇਸਿਆਂ ਨੂੰ ਜ਼ੰਗਾਲਣ 'ਚ ਰੁੱਝੇ ਰਹੇ
ਜਿਨ੍ਹਾਂ ਚੱਟਾਨਾਂ ਨੂੰ ਮੋਢਿਓਂ ਹਲੂਣਕੇ ਆਖਿਆ ਸੀ:
'ਤੂੰ ਸਿਰਫ਼ ਤੇਸੇ ਨਾਲ ਹੀ ਟੁਟੇਂਗੀ
ਨਾਅਰੇ ਤਾਂ
ਆਪਣੇ ਹੀ ਮੂਤਰ ਤੇ ਤਿਲਕਕੇ
ਲੱਤਾਂ ਤੁੜਵੌਣ ਦੀ ਕਸਰਤ ਹੈ!'

ਜਦੋਂ ਤੁਸੀਂ ਛਾਲੇ ਬਣਕੇ ਰਿੱਸੇ
ਸਾਡੀਆਂ ਛੱਲਾਂ ਨਸ਼ਤਰਾਂ ਦੀ ਖ਼ਿੜੀ ਨੂੰ ਸਿੰਜਦੀਆਂ ਸੀ
ਜਦੋਂ ਤੁਸੀਂ ਜ਼ਖਮ ਬਣਕੇ ਵਗੇ
ਅਸੀਂ ਘੁੰਮਣਘੇਰੀਆਂ ਬਣਕੇ
ਉਸ ਗਾਰ 'ਚ ਜਾ ਉਤਰੇ
ਜਿਥੇ ਦੁਕਾਨਾਂ ਬੰਦ ਸੀ
ਤੇ ਬੋਰਡਾਂ ਤੇ ਲਿਖਿਆ ਸੀ:
'ਕਮਜ਼ੋਰੀ ਤੇ ਨਮਰਦੀ ਦਾ ਇਲਾਜ
ਸੱਤਾਂ ਦਿਨਾਂ 'ਚ ਨਹੀਂ ਹੁੰਦਾ'

ਅਸੀਂ ਆਪਣੀਆਂ ਡਾਇਰੀਆਂ ਦੀਆਂ ਵੱਖੀਆਂ ਫਰੋਲੀਆਂ
ਤੇ ਬਚਦੇ ਸੱਤਾਂ ਪੰਨਿਆਂ ਉਤੇ ਲਿਖ ਦਿੱਤਾ:
"ਸਾਨੂੰ ਤਾਂ ਉਮਰ ਭਰ ਨਹੀਂ ਆਇਆ
ਭਰ ਜੋਬਨ ਜ਼ਖ਼ਮਾਂ ਵਾਂਗੂੰ ਖਹਿ ਖਹਿ ਕੇ ਵਗਣ ਦਾ ਤਰੀਕਾ!"

x x x

## ਖਿਦਰਾਣੇ ਦੀ ਢਾਬ ਤੇ ਗੁਰੂ / ਹਰਿੰਦਰ ਸਿੰਘ

(ਟਰਾਂਟੋ)

ਖਿਦਰਾਣੇ ਦੀ ਢਾਬ ਤੇ
ਗੁਰੂ ਬੁੱਕਲ 'ਚ ਸਹਿਕਦੇ ਸਿੱਖ ਤੋਂ ਆਖ਼ਰੀ ਖਾਹਿਸ਼ ਪੁਛਦਾ ਹੈ
ਸਿੱਖ, ਗੁਰੂ ਤੋਂ ਕੁਛ ਨਹੀਂ ਮੰਗਦਾ।
ਸਿੱਖ ਨੂੰ ਪਤਾ ਹੈ
ਗੁਰੂ ਅਨੰਦਪੁਰ, ਬੱਚੇ, ਮਾਂ ਤੇ ਹੋਰ ਬਹੁਤ ਕੁਛ ਗੁਆ ਸਕਦਾ ਹੈ
ਬੇਦਾਵਾ ਨਹੀਂ ਗੁਆ ਸਕਦਾ।
ਗੁਰੂ ਦੇ ਕਮਰਕੱਸੇ ਵਿੱਚ ਉਹ ਕਾਗਜ਼ ਸੰਭਾਲਿਆ ਹੋਇਆ ਹੈ
ਇਸ ਭੇਦ ਦਾ ਜਾਂ ਗੁਰੂ ਨੂੰ ਪਤਾ ਹੈ ਜਾਂ ਉਹਦੇ ਸਿੱਖ ਨੂੰ।

ਗੁਰੂ, ਹੋਰ, ਸਿੱਖ ਦੀ ਆਖ਼ਰੀ ਖਾਹਿਸ਼ ਪੁਛਦਾ ਹੈ
ਸਿੱਖ, ਗੁਰੂ ਤੋਂ ਕੁਛ ਨਹੀਂ ਮੰਗਦਾ।
ਪਰ ਗੁਰੂ ਨੂੰ ਪਤਾ ਹੈ ਸਿੱਖ ਕੀ ਮੰਗਦਾ ਹੈ!
ਸਿੱਖ ਨੂੰ ਵੀ ਇਸ ਭੇਤ ਦਾ ਪਤਾ ਹੈ!

ਗੁਰੂ ਮੁਸਕਰਾ ਕੇ ਬੇਦਾਵਾ ਪਾੜ ਦਿੰਦਾ ਹੈ।

x x x

## ਮਨਫ਼ੀ ਪਲ

ਰਵੀਪਾਲ / ਫੋਰਟ ਨੈਲਸਨ

ਨਿਕਲੇ ਸਾਂ ਘਰੋਂ
ਮਨ ਦਾ ਚੈਨ ਲੱਭਣ ਲਈ
ਪਰ ਮਿਲੀ ਹੈ
ਬੇ-ਚੈਨੀ ਦੀ ਸੁਗਾਤ!
ਕਿਸੇ ਸਹੇਲੀ ਦੀ
ਝੂਠੀ ਦੀ ਆਸ ਨਹੀਂ
ਪਰ ਫਿਰ ਭੀ
ਬਣ ਗਏ ਹਾਂ ਸ਼ਾਕ।

ਸ਼ਾਮ ਦੀ ਪਹਿਲੀ ਕਿਰਨ
ਸ਼ੁਭ ਪਰਭਾਤ ਨਹੀਂ ਕਹਿੰਦੀ
ਕਰਾਉਂਦੀ ਹੈ-
ਮਾਈਂਡ ਲੈੱਸ ਹੋਣ ਦਾ ਚੇਤਾ।
ਜਦ ਵੀ ਆਪੇ ਵਿਚ
ਆਉਣ ਦੀ ਕੋਸ਼ਿਸ਼ ਕਰਦੇ ਹਾਂ
ਤਾਂ ਦਸਤਕ ਦੀ ਆਈ ਚਿੱਠੀ
ਕਰਾਉਂਦੀ ਹੈ ਹਿਸਾਬ
ਜ਼ਿੰਦਗੀ ਵਿਚੋਂ
ਮਨਫ਼ੀ ਹੋਣ ਵਾਲੇ ਕੁੱਝ ਪਲਾਂ ਦਾ।

x x x

ਦਲਜਿੰਦਰ / ਗਰੇਂਡ ਪਰੇਰੀ
ਦੋ ਕਵਿਤਾਵਾਂ

# ਇਕ ਖ਼ੱਤ

ਮੇਰੇ ਦੋਸਤ ਜਿਸ ਦਿਨ ਦਾ
ਮੈਂ ਇਸ ਮੁਲਕ 'ਚ ਆਇਆਂ ਹਾਂ
ਮੇਰੇ ਅੰਦਰੋਂ ਕੁੱਝ ਮਰ ਗਿਆ ਹੈ
ਕੁੱਝ ਟੁੱਟ ਜਿਹਾ ਗਿਆ ਹੈ
ਬੜੇ ਖੁਸ਼ਹਾਲ ਹਨ ਆਪਣੇ ਲੋਕ ਏਥੇ
ਮੈਂ ਜਿਸ ਸ਼ਹਿਰ ਰਹਿੰਦਾ ਹਾਂ, ਇਥੇ
ਘਰ ਖਰੀਦਣਾ ਜਾਂ ਓਵਰਟਾਇਮ
ਲਾਉਣ ਤੋਂ ਵੱਧ ਕਿਸੇ ਗੱਲ ਦਾ
ਫ਼ਿਕਰ ਨਹੀਂ।
ਹਫ਼ਤੇ ਦਾ ਅਖੀਰ
ਵਿਆਹ ਜਿਹਾ ਚਾਅ ਹੁੰਦਾ
ਕਿਸੇ ਬੰਦੇ ਨੂੰ ਆਪਣੀ
ਮਹਿਬੂਬ ਨਾਲ
ਪਰ ਉਹ ਵੀ ਬੀਤ ਜਾਂਦਾ ਹੈ
ਕਿਸੇ ਗੋਰਾਜਨਰ ਬੰਦੇ ਦੀਆਂ
ਖੁਆਸ਼ੀਆਂ ਦੇ ਨਾਪ ਤੋਲ 'ਚ
ਕਿਸੇ ਦੀ ਨਵੀਂ ਮੋਟਰ ਦੀ ਚਰਚਾ
ਜਾਂ ਕਿਸੇ ਨਵੇਂ ਖਰੀਦੇ ਘਰ ਦੀ
ਦੋਸਤ! ਜੇ ਸੱਚ ਪੁਛੇਂ
ਇਥੇ ਆਪਣਾ ਕੁੱਝ ਵੀ ਨਹੀਂ
ਸਭ ਕੁੱਝ ਉਨ੍ਹਾਂ ਦਾ ਹੀ ਹੈ
ਜਿਨ੍ਹਾਂ ਦਾ ਹੁੰਦਾ ਸੀ
ਇਥੇ ਮੋਟਰ ਉਹੀ ਕੁ ਸਜਦੀ ਹੈ
ਜਿਨ੍ਹਾਂ ਆਪਣਾ ਦਰਸਾਇ ਲਿਆਉਣ ਵਾਲਾ
ਵੱਡੇ ਕੈਰੀਅਰ ਵਾਲਾ ਸਾਈਕਲ
ਹੋਰ ਤੈਨੂੰ ਕੀ ਲਿਖਾਂ?
ਅਜੇ ਏਨਾ ਹੀ ਕਾਫ਼ੀ ਹੈ।
ਅਜੇ ਏਨਾ ਹੀ ਕਾਫ਼ੀ ਹੈ।

x x x

# ਤੇਰੇ ਨਾਂ

ਜ਼ਿੰਦਗੀ ਦੇ ਮੋੜ ਉਤੇ ਕਦੇ ਇੰਜ
ਵੀ ਤਾਂ ਹੋਵੇਗਾ
ਉਂਝ ਹੀ ਮਿਲ ਜਾਵਾਂਗੇ
ਲੁਧਿਆਣੇ ਦੇ ਚੌੜੇ ਬਾਜ਼ਾਰ ਵਿਚ
ਜਾਂ ਕਿਸੇ ਦੁਕਾਨ ਉਤੇ —
ਤੈਨੂੰ ਕਰ ਰਿਹਾ ਹੋਵੇਗਾ
ਆਪਣੀ ਮਜਬੂਰੀ ਦਾ ਫ਼ਿਕਰ
ਮੈਂ ਵੀ ਚਿਤਰ ਰਿਹਾ ਹੋਵਾਂਗਾ
ਆਪਣੀ ਮਜਬੂਰੀ ਦਾ ਖ਼ਾਕਾ
ਨ ਕੁੱਝ ਤੂੰ ਕਹਿ ਸਕੇਂਗਾ
ਤੇ ਨ ਕੁੱਝ ਮੈਂ
ਫਿਰ ਕਿਸੇ ਤੀਜੇ ਦਰਜੇ ਦੇ
ਰੇਸਤਰਾਂ 'ਚ ਬੈਠਕੇ ਪੀਵਾਂਗੇ ਚਾਹ ਆਪਾਂ
ਤੇ ਬੜੀ ਖੂਬਸੂਰਤੀ ਨਾਲ ਇਕ ਦੂਜੇ
ਦੇ ਸਾਹਵੇਂ ਬੋਲਾਂਗੇ ਝੂਠ
ਪਰ ਉਸ ਸੰਜੋਗ ਦਾ ਵੀ ਕਰਾਂਗੇ
ਜੋ ਮਿਰਚ ਆਪਣੀ ਮੈਂ ਦੇਖੇਗੀ
ਤੇ ਵਿਛੜਨ ਲੱਗੇ ਕਹਾਂਗੇ —
ਅੱਛਾ ਫਿਰ ਮਿਲਾਂਗੇ
ਤੇ ਫਿਰ ਮਿਲਣ ਤੋਂ ਕਤਰਾਂਦੇ ਰਹਾਂਗੇ
ਉਮਰ ਭਰ
ਤੇ ਆਪਣਾ ਆਪਣਾ ਝੂਠ ਲਈ
ਪਰਤ ਜਾਵਾਂਗੇ ਆਪਾਂ
ਆਪਣੇ ਆਪਣੇ ਘਰ

x x x

# ਪਰਤ ਵਾਂਙੂ

— ਕੇ. ਸੀ. ਮੋਹਨ / ਗਰੇਟਰ ਲੰਡਨ

ਤੁਸੀਂ ਨਾਕਾਇਕ ਲੋਹੇ ਲਾਖੇ ਹੁੰਦੇ ਪਏ ਹੋ
ਕੁੱਝ ਸੁਣੋ ਤਾਂ ਸਹੀ!
ਮੈਨੂੰ ਤੁਹਾਡਾ ਉਂਗਲੀ ਪਕੜਾਉਣਾ
ਤੇ ਜੀਵਨ ਦੇ ਸਦਾਗਤ ਦੀ ਬਾਤ ਸੁਣਾਉਣਾ
ਚੰਗੀ ਤਰ੍ਹਾਂ ਯਾਦ ਹੈ
ਤੇ ਉਹਨਾਂ ਗਾਹਾਂ ਦਾ ਵੀ ਚੇਤਾ ਹੈ
ਜਿਹੜੇ ਤੁਸੀਂ ਦੱਸੇ ਸਨ
ਪਰ ਮੇਰੇ ਅੰਦਰ ਇਕ ਪਾਗਲ ਮਨੁੱਖ
ਬਿਨਾਂ ਦਸਤਕ ਕੀਤਿਆਂ ਨਹੀਂ ਆ ਗਿਆ
ਕਿਸੇ ਚੋਰ ਦਰਵਾਜ਼ੇ ਹੁੰਦਾ ਹੋਇਆ
ਕਿਸੇ ਤੋਤੇ ਭੈਣ ਤੇ ਉਸਕਨ ਪੁਖਤ ਹੁੰਦੀ ਰਹੀ
ਮੈਂ ਕਿੰਨੀ ਵਾਰ ਜੀਵਿਆ ਤੇ ਮੋਇਆ
ਹਰ ਸਵੇਰ
ਇਕ ਪ੍ਰਸ਼ਨ ਚਿੰਨ੍ਹ ਬਣ ਆ ਖੜੀ ਹੁੰਦੀ
ਦਿਨ ਦਾ ਹਰ ਪਲ
ਨਵੇਂ ਅਰਥ ਲੈ ਆਉਂਦਾ
ਤੇ ਸ਼ਾਮ ਤੱਕ ਅਰਥ ਬਿਖਰ ਜਾਂਦੇ
ਰਾਤ ਦਾ ਸਫ਼ਰ ਤਹਿ ਕਰਦਿਆਂ
ਮੇਰੇ ਕੋਲਾਂ ਚੋਂ ਸੇਕ ਨਿਕਲਦਾ
ਮੇਰਾ ਅੰਦਰ
ਇਕ ਘਟਨਾ ਸਥਲ ਬਣ ਜਾਂਦਾ
ਤੇ ਅੰਦਰ ਦੀ ਵੇਦਨਾ
ਬੇਪਰੀ ਨੂੰ ਜਾ ਚੜ੍ਹਦੀ
ਤੇ ਉਹ ਮੇਰੀਆਂ ਖਿਲੀਆਂ ਉਡਾਉਂਦੇ
ਮੇਰੇ ਤੇ ਆਵਾਜ਼ਾਂ ਕੱਸਦੇ
ਤੇ ਫਿਰ ਉਹ ਮੰਜ਼ਰ
ਜਦੋਂ ਉਹ ਮੇਰੇ ਅੰਦਰਲੇ ਮਨੁੱਖ ਨੂੰ
ਹਲਾਲ ਕਰਨ ਆ ਪਏ ਸਨ
ਤਾਂ ਮੈਂ ਦੰਦਾਂ 'ਚ ਜੀਭ ਲੈ ਲਈ ਸੀ
ਤੇ ਮੇਰੇ ਗਰਮ ਖੂਨ ਨੇ
ਉਨ੍ਹਾਂ ਦੇ ਹੱਥ ਨਹੀਂ ਸਨ ਸਾੜੇ
ਤੇ ਨਾ ਹੀ ਧਰਤੀ ਨੇ ਰੰਗ ਵਟਾਇਆ ਸੀ
ਤੇ ਹੁਣ
ਕਿੰਨੇ ਹੀ ਵਰ੍ਹਿਆਂ ਤੋਂ
ਹਰ ਰਾਤ
ਜੀਵਨ 'ਚ ਤੁਰਦਾ
ਮੈਂ ਉਹ ਪਰਤ ਲੱਭਦਾ ਰਿਹਾ ਹਾਂ
ਜਿਸ ਤੇ ਡੁੱਲ੍ਹਣ ਤੇ ਮੇਰਾ ਖੂਨ
ਲਾਲ ਨਜ਼ਰ ਆਵੇ!

x x x

# ਇਸ ਕੰਢੇ — ਉਸ ਕੰਢੇ

ਗੁਰਦੀਪ ਇੱਕਲਖੀ, ਦਿੱਲੀ

ਧੌਰੇ, ਰਲ ਗਏ ਖੇਤਾਂ ਦੀ ਮਿੱਟੀ ਵਿਚ,
ਪਲ ਤੇਰੇ ਮੇਰੇ,
ਜਾਂ — ਮਸ਼ੀਨਾਂ 'ਚ ਪੀਂਹ ਹੋ ਗਏ ਖਾਮੋਸ਼।
ਕਿਉਂ ਚੁੱਪ ਹੈ, ਪਲਾਂ ਦੀ ਦਾਸਤਾਨ?
ਫਰਜ਼ ਇਕੱਲਾ ਤਾਂ ਨਹੀਂ ਜਿਉਂਦਾ

ਕਦ ਤੱਕ ਚੁਣੇਗੀ, ਜਗਦੀ, ਬੁੱਝਦੀ ਲਾਸ਼
ਤੇਰੇ ਧੁੰਧਲੇ ਪਏ ਫਰਜ਼ਾਂ ਦੇ ਸੱਖਣੇ ਤੀਲੇ?

ਅਜੇ ਵੀ ਪਾਣੀ ਹੈ ਇਸ ਜੰਗਲ ਵਿਚ
ਰੂਹ ਤਾਂ ਜਾਮ ਨਹੀਂ ਪਾਰ ਕਰਨ ਦੇ।

ਮੇਰੇ ਆਦਿ ਤੇ ਅੰਤ ਦੀ ਲੀਕ ਜੁੜਦੀ ਜਾਪੇ,
ਕੌਣ ਖਲੋਤਾ ਉਡੀਕ 'ਚ ਸਾਹਮਣੇ?

ਵਿਅੰਗ — ਸਹੀ ਇਹ ਪਾਣੀ
ਕੌਣ ਜੁ ਇਸ ਨੂੰ ਛੇੜੇ।

ਇਸ ਕੰਢੇ ਮੈਂ ਤੇ ਡੂੰਘਰ ਡੂੰਘਰ ਪਾਣੀ,
ਉਸ ਕੰਢੇ, ਸੂਰਜ- ਗੀਤ ਅੱਗ 'ਚ
ਕੱਕਰ ਹੋ ਗੁਆਚਿਆ ਚਿਹਰਾ ਤੇਰਾ।

x x x

# ਗ਼ਜ਼ਲ

ਨਾਜਰ ਸਿੰਘ 'ਤਰਸ'

ਹਰ ਇਕ ਹੈ ਪਿਆਰਾ ਚੌਧਰ ਦਾ ।
ਜਗ ਭੁੱਖਾ ਸਾਰਾ ਚੌਧਰ ਦਾ ।

ਕੋਝਾ ਵੀ ਸੋਹਿਣਾ ਲਗਦਾ ਹੈ,
ਜੋ ਦੇਵੇ ਲਾਰਾ ਚੌਧਰ ਦਾ ।

ਉਹ ਕੋਹਿਤੂਰ ਤੋਂ ਮਿਲਦਾ ਨਹੀਂ,
ਜਿਹੜਾ ਹੈ ਨਜ਼ਾਰਾ ਚੌਧਰ ਦਾ ।

ਫਿਰ ਛੇਤੀ ਕੀਤੇ ਲਹਿੰਦਾ ਨਹੀਂ,
ਜਾਂ ਚੜ੍ਹੇ ਅਫਾਰਾ ਚੌਧਰ ਦਾ ।

ਦੇਸ਼ਾਂ ਦੇ ਟੁਕੜੇ ਕਰ ਦੇਂਦਾ,
ਖੰਡਾ ਦੋਧਾਰਾ ਚੌਧਰ ਦਾ ।

ਖਾ ਜਾਣਾ ਚਾਹਵੇ ਸੂਰਜ ਨੂੰ,
ਨਿੱਕਾ ਜਿਹਾ ਤਾਰਾ ਚੌਧਰ ਦਾ ।

ਪੀਘਾਂ ਦੇ ਹੁਲਾਰੇ ਭੁੱਲ ਜਾਂਦੇ,
ਜਦ ਮਿਲੇ ਹੁਲਾਰਾ ਚੌਧਰ ਦਾ ।

ਕੋਈ ਸੇਵਕ ਬਣਨਾ ਚਾਹੁੰਦਾ ਨਹੀਂ,
ਸਭ ਕਰਦੇ ਚਾਰਾ ਚੌਧਰ ਦਾ ।

ਝੱਟ ਧਾਰੇ ਰੂਪ ਮਹੱਲਾਂ ਦਾ,
ਟੁੱਟਾ ਜਿਹਾ ਢਾਰਾ ਚੌਧਰ ਦਾ ।

ਬੰਦੇ ਨੂੰ ਪਾਗਲ ਕਰ ਦੇਵੇ,
ਸਿਰ ਚੜ੍ਹੇ ਜਾਂ ਪਾਰਾ ਚੌਧਰ ਦਾ ।

ਕੋਈ 'ਤਰਸਾ' ਕਿਸੇ ਦਾ ਵੈਰੀ ਨਹੀਂ,
ਹੈ ਝਗੜਾ ਸਾਰਾ ਚੌਧਰ ਦਾ ।

o o o

# ਗ਼ਜ਼ਲ

— ਕੁਲਬੀਰ ਪੰਡਾ

ਵੇਦਨਾਵਾਂ ਨੂੰ ਯਾਦ ਕੀ ਕਰੀਏ ।
ਇਸ਼ਕ ਬਣਾ ਨਾ-ਮੁਰਾਦ ਕੀ ਕਰੀਏ ।

ਡੰਗ ਇਸ਼ਕ ਦੇ ਬੜੇ ਨੇ ਜ਼ਹਿਰੀਲੇ,
ਆ ਗਿਆ ਏ ਸੁਆਦ ਕੀ ਕਰੀਏ ।

ਵੇਖਕੇ ਸਾਉਣ ਵੀ ਨਾ ਸੀ ਮਰਨੀ,
ਹੀਰ ਦੇ ਰਹੇ ਨੇ ਦਾਦ ਕੀ ਕਰੀਏ ।

ਤੇਰੀ ਉਡੀਕ 'ਚ ਸਾਨੂੰ ਤੇ ਕੁੱਝ ਵੀ ਨਾ ਸੁੱਝੇ,
ਤੇਰੇ ਵਾਅਦੇ ਦੇ ਵਾਅਦ ਕੀ ਕਰੀਏ ।

ਚੋਰ ਦਿਲ ਦਾ ਅਸਾਂ ਹੈ ਜਾਣ ਲਿਆ,
ਗੱਲ ਨਿਗੂਣੀ, ਫਸਾਦ ਕੀ ਕਰੀਏ ।

ਇਹ ਤੇਰੇ ਨੈਣ ਤੇ ਇਹ ਤੇਰਾ ਦਿਲ,
ਦੋਨਾਂ ਉਹਲੇ ਸਵਾਦ, ਕੀ ਕਰੀਏ ।

ਲੋਕ ਆਖਦੇ ਨੇ ਸਾਨੂੰ ਦੀਵਾਨੇ,
ਮੁੱਢਾਂ ਸਿਰੋਂ, ਵਿਵਾਦ ਕੀ ਕਰੀਏ ।

ਦਰ ਤੇ ਕੋਈ ਦਵਾ ਗਿਆ ਪੀਣੀ,
ਸ਼ਾਇਦ ਹੋਵੇ "ਅਜ਼ਾਦ" ਕੀ ਕਰੀਏ ।

o o o

# ਖੇਤ ਮਜ਼ਦੂਰ ਦੀ ਪੁਕਾਰ

ਮੋਤਾ ਸਿੰਘ ਗਰੇਵਾਲ

ਉਹ ਜੇਠੂ ਜੈਲੇ ਤੋਂ ਬਣ ਜਾਓ ਸਿਆਣੇ
ਕਮਾਈ ਏ ਤੇਰੀ, ਇਹ ਜੋਕਾਂ ਕਿਉਂ ਮਾਣੇ
ਬਣਜਾ ਤੂੰ ਮੈਂਬਰ, ਕਿਉਂ ਰੁਲਦੈਂ ਬਿਗਾਨੇ
ਠੇਕੇਦਾਰੀ ਚੌਧਰ ਦਾ ਬੁਰਕਾ ਤੂੰ ਲਾਹ ਦੇ
ਏਸ ਰੱਤ ਪੀਣੀ ਜੋਕ ਦਾ ਜੱਭ ਮੁਕਾ ਦੇ
ਚਰਖੀ ਦੇ ਚੀਏ ਉਹ ਨਾ ਬਖਸ਼ਣਗੇ
ਤੇਰੀ ਖ਼ਾਤਰ ਵਕੀਲ ਵੀ ਮੁਫ਼ਤ ਲੜਨਗੇ ।
ਠੇਕੇਦਾਰ ਦੀ ਯਾਰੀ ਨੂੰ ਦਿਲੋਂ ਭੁਲਾ ਦੇ
ਮੌਕਾ ਜੇ ਆਏ ਤਾਂ ਅਕਲ ਸਿਖਾ ਦੇ
ਬੰਦਾ ਹੈ ਸੋਈ ਜੋ ਵਕਤ ਪਛਾਣੇ
ਕਮਾਈ ਏ ਤੇਰੀ ਇਹ ਜੋਕਾਂ ਕਿਉਂ ਮਾਣੇ
ਬਣ ਜਾ ਤੂੰ ਮੈਂਬਰ ਕਿਉਂ ਰੁਲਦੈਂ ਬਿਗਾਨੇ
ਠੇਕੇਦਾਰੀ ਚੌਧਰ ਦਾ ਬੁਰਕਾ ਤੂੰ ਲਾਹ ਦੇ
ਏਸ ਰੱਤ ਪੀਣੀ ਜੋਕ ਦਾ ਜੱਭ ਮੁਕਾ ਦੇ

ਸਹਿ ਕੇ ਲੁਟੇਰਿਆਂ ਨੂੰ ਬਸ ਬਹੁਤੀ ਕੀਤੀ
ਖੇਤ ਮਜ਼ਦੂਰ ਦੀ ਸਦਾ ਹੈ ਤੂੰ ਪੀਤੀ
ਦੱਸਾਂ ਕਹਾਣੀ ਜੋ ਮੇਰੇ ਨਾਲ ਬੀਤੀ
ਮਿਹਨਤ ਸੀ ਮੇਰੀ, ਚੌਧਰ ਸੀ ਤੇਰੀ
ਮਾਸੂਮਾਂ ਸਿਆਣਿਆਂ ਦੀ ਖਾਧੀ ਤੂੰ ਕਮਾਈ
ਨਾ ਬਾਜ਼ ਆਇਓਂ ਤੂੰ ਕੀਤੀ ਧੱਕੇਸ਼ਾਹੀ
ਹੁਣ ਅੰਤ ਤੇਰੀ ਹੈ ਚੌਧਰ ਦਾ ਆਇਆ
ਕਾਮਾ ਰਹੂਗਾ ਨਾ ਭੁੱਖਾ ਤਿਹਾਇਆ
ਠੇਕੇਦਾਰੀ ਚੌਧਰ ਨੂੰ ਕਰਨਾ ਟਿਕਾਣੇ
ਕਮਾਈ ਏ ਤੇਰੀ . . . . . . . . . .

ਆਏਤੇਸ਼ੀ ਫੈਰੀ ਦੀ ਕਰਕੇ ਤੂੰ ਤਰਦੈਂ
ਠੇਕੇਦਾਰ ਮਾਲਕ ਤੋਂ ਫੇਰ ਵੀ ਡਰਦੈਂ
ਸਦੀਆਂ ਦਾ ਤੇਰੇ ਤੇ ਦਾਬਾ ਹੈ ਭਾਰੀ
ਤਾਂਹੀਉਂ ਤੂੰ ਜਾਂਦਾ ਗੁਲਾਮੀ ਸਹਾਰੀ
ਬਣਜਾ ਤੂੰ ਸਪੋਰਟਰ ਜੋਕਾਂ ਡਰਨਗੇ
ਸਦੀਆਂ ਇਹ ਤੇਰੇ ਘਰ ਨੂੰ ਜੋ ਭਰਨਗੇ
ਧੇਲੀ ਤੇ ਬਹਿ ਕੇ ਸਫਰ ਸਾਰਾ ਕਰ ਜਾ
ਯੂਨੀਅਨ ਦੇ ਵੀਰਾਂ ਦਾ ਸਾਥੀ ਤੂੰ ਬਣ ਜਾ
ਗਾੜ੍ਹੇ ਪਸੀਨੇ ਦੀ ਤੇਰੀ ਕਮਾਈ
ਇਹ ਲੋਕ ਕਿਉਂ ਖਾਂਦੇ ਨੇ ਐਸ਼ ਉਡਾਈ
ਯੂਨੀਅਨ ਦੇ ਸਾਥੀ ਨੇ ਤੇਰੇ ਸਿਆਣੇ
ਕਮਾਈ ਏ ਤੇਰੀ . . . . . . . . . .

ਮਾਲਕ ਤੇ ਜੋਕਾਂ 'ਚ ਇਹਨਾਂ ਦੇ ਉਹਲੇ
ਸਾਂਝੇ ਨੇ ਚੋਰੀ ਇਹ ਵੀਰ ਵਿਚੋਲੇ
ਤਰਸੇ ਟੱਬਰੀ 'ਚ ਭੈਣਾਂ ਤੇ ਮੰਜੇ
ਲੱਸੀ ਦੇ ਸਾਂਝੇ ਨੇ ਬੱਕਰ ਕਿਉਂ ਹੋਏ
ਹਾਲਤ ਦੇਖੀ ਮੈਂ ਕਿਰਤੀਆਂ ਦੀ ਮਾੜੀ
ਨਾ ਝਾਂਕੀ ਤੜਫੇ ਨੂੰ ਅੱਖ ਉਘਾੜੀ
ਬੈਠੇ ਦਰਾਂ ਮੂਹਰੇ ਲੈਣ ਦਿਹਾੜੀ
ਰੱਬ ਰੱਖੇ ਸੁੱਖ, ਟੱਬਰੀ ਨਹੀਂ ਆਈ
ਗਰੇਵਾਲ ਕਹਿੰਦਾ ਏ ਸੌਖੀ ਕਮਾਈ
ਯੂਨੀਅਨ 'ਚ ਆ ਜਾਉ ਸਭ ਭੈਣ ਤੇ ਭਾਈ
ਬੰਦਾ ਹੈ ਸੋਈ ਜੋ ਵਕਤ ਪਛਾਣੇ
ਕਮਾਈ ਏ ਤੇਰੀ ਇਹ ਜੋਕਾਂ ਕਿਉਂ ਮਾਣੇ
ਠੇਕੇਦਾਰ ਦੀ ਯਾਰੀ ਨੂੰ ਦਿਲੋਂ ਭੁਲਾ ਦੇ
ਏਸ ਰੱਤ ਪੀਣੀ ਜੋਕ ਦਾ ਜੱਭ ਮੁਕਾ ਦੇ ।

o o o

"ਵਤਨੋਂ ਦੂਰ" ਵਿਚ ਕਿਸੇ ਤਰ੍ਹਾਂ
ਦੀ ਇਸ਼ਤਿਹਾਰਬਾਜ਼ੀ ਦੇਣੀ ਹੋਵੇ
ਜਾਂ ਹੋਰ ਜਾਣਕਾਰੀ ਵਾਸਤੇ
ਰਣਜੀਤ ਪ੍ਰਭਾਤ ਨੂੰ ਫੋਨ ਕਰੋ।

ਫੋਨ: 321-6081

# ਇਨਸਾਫ਼ ਕਰਨ ਵਾਲੇ

ਮਹਿੰਦਰ ਸਿੰਘ 'ਦੋਸਾਂਝ'

ਗੱਡੀ ਵਿਚ ਚੜ੍ਹਾ ਕੇ ਉਨ੍ਹਾਂ ਨੇ ਮੈਨੂੰ ਆਪਣੇ ਵਿਚਕਾਰ ਬਿਠਾਲ ਲਿਆ ਹੈ ਤੇ ਗੱਡੀ ਸਟਾਰਟ ਕਰਕੇ ਪਿੰਡੋਂ ਬਾਹਰ ਲਿਆ ਕੇ, ਪੱਕੀ ਸੜਕੇ ਪਾ ਲਈ ਹੈ। ਇੱਕ ਅੱਧ ਕੱਟੀ ਦਾੜ੍ਹੀ ਵਾਲਾ ਸਿਪਾਹੀ ਆਪਣੇ ਨਕ ਵਿਚ ਹੀ ਕੋਈ ਗੀਤ ਗੁਣ ਗੁਣਾਉਣ ਲੱਗ ਪਿਆ ਹੈ। ਮੈਨੂੰ ਇੰਝ ਮਹਿਸੂਸ ਹੋ ਰਿਹਾ ਹੈ, ਜਿਵੇਂ ਇਹ ਗੀਤ ਉਨ੍ਹਾਂ ਦੇ ਛਾਪੇ ਦੀ ਸਫਲਤਾ ਦਾ ਕੋਈ ਗੀਤ ਹੈ।

ਮੇਰੇ ਸਾਹਮਣੇ ਵਾਲੀ ਸੀਟ 'ਤੇ ਬੈਠਾ ਇਕ ਹੱਟਾਂ ਕੱਟਾ ਜਿਹਾ ਸਿਪਾਹੀ ਆਪਣੀ ਸੀਟ 'ਤੋਂ ਉੱਠ ਕੇ ਮੇਰੇ ਨਾਲ ਆ ਕੇ ਬੈਠ ਗਿਆ ਹੈ। ਆਪਣੀ ਬੰਦੂਕ ਖੜੀ ਪੁੱਠੀ ਕਰਕੇ ਤੇ ਬੰਦੂਕ ਦੀ ਨਾਲੀ 'ਤੇ ਸਾਧ ਦੀ ਚਿੱਪੀ ਵਰਗੀ ਆਪਣੀ ਕਾਲੀ ਜਿਹੀ ਠੋਡੀ ਰੱਖ ਕੇ, ਜਿਵੇਂ ਕੁਝ ਸੋਚਣ ਲੱਗ ਪਿਆ ਹੈ। ਉਸਨੂੰ ਸ਼ਾਇਦ ਇਹ ਵਹਿਮ ਹੋ ਗਿਆ ਹੈ ਕਿ ਬੰਦੂਕਾਂ ਨਾਲ ਲੈਸ ਤੇ ਖੂੰਖਾਰ ਅੱਖਾਂ ਵਾਲੇ ਉਨ੍ਹਾਂ ਦਸ ਵਹਿਸ਼ੀ 'ਕਰਿੰਦਿਆਂ ਦੇ ਵਿਚਕਾਰੋਂ ਮੈਂ ਕਿਤੇ ਦੌੜ ਹੀ ਨਾ ਜਾਵਾਂ।

ਗ੍ਰਿਫ਼ਤਾਰ ਕਰਨ ਸਮੇਂ ਮੈਨੂੰ ਇਹ ਨਹੀਂ ਸੀ ਦੱਸਿਆ ਗਿਆ ਕਿ ਕਿਸ ਜੁਰਮ ਵਿਚ ਮੈਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਬਸ ਏਨਾਂ ਹੀ ਦਸਿਆ ਗਿਆ ਹੈ ਕਿ ਆਈ. ਜੀ. ਪੰਜਾਬ ਦਾ ਟੈਲੀਫ਼ੂਨ ਆਇਆ ਹੈ ਕਿ ਤੁਹਾਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਥਾਣੇ ਲਿਆਂਦਾ ਜਾਵੇ ਤੇ ਐਸ. ਪੀ. ਨੂੰ ਵਿਸ਼ੇਸ਼ ਹਦਾਇਤ ਆਈ ਹੈ ਕਿ ਉਹ ਥਾਣੇ ਵਿਚ ਆ ਕੇ ਤੁਹਾਡੀ ਇੰਨਕੁਆਰੀ ਕਰਨ।

ਗੱਡੀ ਸਾਡੇ ਪਿੰਡ ਨੂੰ ਤਿੰਨ ਕੁ ਮੀਲ ਪਿੱਛੇ ਛੱਡ ਆਈ ਹੈ, ਸਾਹਮਣਿਓਂ ਇਕ ਮੈਲੇ ਕੁਚੈਲੇ ਕੱਪੜਿਆਂ ਵਾਲਾ ਅੱਧ-ਖੜ੍ਹ ਜਿਹਾ ਬੰਦਾ ਸੜਕੇ ਸੜਕੇ ਆਉਂਦਾ, ਗੱਡੀ ਨੂੰ ਵੇਖ ਕੇ ਇਕ ਦਮ ਬੰਨੇ ਪੈ ਕੇ ਤੇ ਸੜਕ ਛੱਡ ਕੇ ਖੇਤਾਂ ਵਲ ਨੂੰ ਮੁੜ ਗਿਆ ਹੈ।

ਗੱਡੀ ਦੀ ਅਗਲੀ ਸੀਟ 'ਤੇ ਬੈਠੇ ਥਾਣੇਦਾਰ ਨੇ ਡਰਾਈਵਰ ਨੂੰ ਗੱਡੀ ਰੋਕਣ ਲਈ ਕਿਹਾ ਹੈ ਤੇ ਆਪ ਫੁਰਤੀ ਨਾਲ ਗੱਡੀ ਵਿਚੋਂ ਉੱਤਰਦਿਆਂ ਦਬਕਾ ਜਿਹਾ ਮਾਰਨ ਵਾਲੇ ਲਹਿਜੇ ਵਿਚ ਖੇਤਾਂ ਵਲ ਮੁੜਨ ਵਾਲੇ ਆਦਮੀ ਵਲ ਮੂੰਹ ਕਰਕੇ ਆਖ ਰਿਹਾ ਹੈ — "ਓਏ ਕੰਜਰ ਦਿਆ! ਕਿੱਥੇ ਨੂੰ ਮੂੰਹ ਚੱਕੀ ਤੁਰਿਆ ਜਾਨਾਂ? ਖੜ੍ਹ ਜਾ ਹੈਥੇ ਈ!"

ਉਸ ਬੰਦੇ ਨੇ ਪਿੱਛੇ ਮੁੜ ਕੇ ਪੁਲਿਸ ਦੀ ਵਡੀ ਗੱਲ ਵੇਖਿਆ ਹੈ ਤੇ ਥਾਏਂ ਖੜੋ ਗਿਆ ਹੈ। ਗੱਡੀ ਦੇ ਪਿਛਿਓਂ ਦੋ ਸਿਪਾਹੀ ਫੁਰਤੀ ਨਾਲ ਉਤਰ ਕੇ, ਉਸਨੂੰ ਬਾਹਾਂ ਤੋਂ ਫੜ ਕੇ ਗੱਡੀ ਦੇ ਕੋਲ ਲੈ ਆਏ ਹਨ।

"ਮਲਕ ਦੇਣੀ ਕਿੱਥੇ ਨੂੰ ਖਿਸਕ ਚਲਿਆ ਸੀ ਓਏ! ਕੁਤੇ ਦਿਆ ਬੀਆ!" ਹੌਲਦਾਰ ਨੇ ਉਸਦੀ ਰੱਸੀਆਂ ਬਣੀ ਮੈਲੀ ਜਿਹੀ ਪੱਗ ਨੂੰ ਹਲੂਣਾ ਦਿੰਦਿਆਂ ਰੋਅਬ ਨਾਲ ਪੁਛਿਆ ਹੈ।

"ਜੀ ਅੱਪਰੇ ਡਾਖ਼ਾਨੇ 'ਚ ਮੇਰੀ ਸਾਲੀ ਬਮਾਰ ਆ ਉਹਨੂੰ ਦੇਖ ਕੇ ਆਇਆਂ, ਮਜ਼ਾਰੇ ਜਾਣਾਂ, ਮੈਂ ਖਿਆ ਚੱਕ ਚੀਂ ਸਿੱਧਾ ਈ ਹੋ ਜਾਮਾਂ, ਸੜਕੇ ਸੜਕੇ ਵਾਟ ਰਤਾ ਆਕਰੀ ਆ," ਫੜੇ ਜਾਣ ਵਾਲੇ ਨੇ ਜਿਵੇਂ ਆਪਣੇ ਆਪਨੂੰ ਰਤਾ ਕਾਇਮ ਕਰਕੇ ਆਖਿਆ ਹੈ।

"ਤੂੰ ਸਾਲਿਆ ਸਿਵਲ ਸਰਜਨ ਆਂ?" ਥਾਣੇਦਾਰ ਨੇ ਹਸ ਕੇ ਆਖਿਆ ਹੈ।

"ਇਹ ਵੀ ਸਾਲਾ ਚੁੱਭੀ ਲੈਣ ਦਾ ਸ਼ਕੀਨ ਹੋਣਾ!" ਹੌਲਦਾਰ ਆਖਦਾ ਹੈ।

"ਹੈ ਥੋੜ੍ਹਾ ਮਾਂ ਦਾ ਖ਼ਸਮ ਚੰਦ! ਮੂੰਹ ਤਾਂ ਸਾਲੇ ਦਾ ਐਂਅ ਆਂ ਜਿੱਦਾਂ ਡੰਗਰ ਨੇ ਗੋਹੇ ਦੇ ਫੋਸ 'ਚ ਛੜ ਮਾਰੀਓ ਹੁੰਦੀ ਆ!" ਇਕ ਸਿਪਾਹੀ ਥੋੜ੍ਹਾ ਜਿਹਾ ਮੁਸਕਰਾ ਕੇ ਉਸ ਦੀ ਸ਼ਕਲ ਦਾ ਮਖ਼ੌਲ ਉਡਾਉਂਦਿਆਂ ਆਖਦਾ ਹੈ।

"ਆਹ ਕੀ ਆ ਓਏ! ਭੈਣ ਦੇਣੀ ਦਿਆਂ? ਜਾਗਦਿਆਂ ਨੂੰ ਪੌਂਦੀ ਪਾਈ ਜਾਨਾਂ, ਤੂੰ ਤਾਂ ਸਾਲਿਆ ਪਿੱਦਪਾਪੜਿਆ ਜੁਆ!" ਹੌਲਦਾਰ ਉਹਦੀ ਕੱਛ ਵਿਚੋਂ ਮੈਲੀ ਜਿਹੀ ਪੋਟਲੀ ਧੂਹ ਕੇ ਖੋਲ੍ਹਦਿਆਂ, ਉਹਦੀਆਂ ਡਰੀਆਂ ਡਰੀਆਂ ਅੱਖਾਂ ਵਿਚ ਆਪਣੀਆਂ ਅੱਗ ਵਾਂਗ ਦਗਦੀਆਂ ਭਿਆਨਕ ਅੱਖਾਂ ਪਾ ਕੇ ਪੁਛਦਾ ਹੈ।

"ਜੀ ਦੋ ਪੰਗ ਆ! ਪੀ ਲੈਨਾਂ ਤਾਂ ਉੱਠ ਖੜ੍ਹਦਾਂ, ਨਈਂ ਤਾਂ ਗੋਡੇ ਖੜ੍ਹ ਜਾਂਦੇ ਆ। ਤੁਸੀਂ ਮਾਈ ਬਾਪ ਆ, ਮੇਰ੍ਹ ਕਰ ਦਿਓ ਗਰੀਬ 'ਤੇ।" ਉਹ ਬੰਦਾ ਥਾਣੇਦਾਰ ਅਗੇ ਹੱਥ ਜੋੜ ਕੇ ਤਰਲਾ ਜਿਹਾ ਕਰਨ ਵਾਂਗ ਆਖਦਾ ਹੈ।

"ਸਾਲਾ ਪਖੰਡੀ! ਨਾਲੇ ਡੋਡੇ ਵੇਚਦਾਂ ਨਾਲੇ ਡਰਾਮਾਂ ਕਰਦਾ!" ਹੌਲਦਾਰ ਰੱਸੀਆਂ ਬਣੀ ਉਹਦੀ ਮੈਲੀ ਜਿਹੀ ਪੱਗ ਤੋਂ ਬਾਹਰ ਨੂੰ ਪਲਮਦੀਆਂ ਉਸਦੀਆਂ ਖੁਸ਼ਕ ਜਟੂਰੀਆਂ ਤੋਂ ਫੜ ਕੇ ਉਸਨੂੰ ਗੱਡੀ ਵਿਚ ਚੜ੍ਹਾਉਂਦਿਆਂ ਆਖਦਾ ਹੈ।

"ਥਾਣੇ ਚੱਲ ਕੇ ਸਾਲੇ ਦੇ ਚਿਤੜਾਂ 'ਚ ਦਿਓ ਏਦ੍ਹੀ ਸਾਲੀ ਦਾ ਥਣ," ਇਕ ਸਿਪਾਹੀ ਆਖਦਾਂ ਹੈ ਤੇ ਸਾਰੇ ਪੁਲਿਸ ਵਾਲੇ ਹੀ...ਹੀ...ਹੀ ਕਰਕੇ ਇਕ ਬੇਸ਼ਰਮ ਹਾਸਾ ਹੱਸਦੇ ਹਨ।

ਤਲਵੰਡੀ ਪਹੁੰਚ ਕੇ ਉਨ੍ਹਾਂ ਨੇ ਗੱਡੀ ਨੂੰ ਫੇਰ ਬਰੇਕ ਮਾਰ ਲਈ ਹੈ। ਇਥੇ ਸੜਕ ਦੇ ਦੋਵੇਂ ਪਾਸੇ ਦੁਸਹਿਰੇ ਦਾ ਮੇਲਾ, ਭਰਿਆ ਹੋਇਆ ਹੈ। ਮੇਲੇ 'ਚ ਸੜਕ ਤੋਂ ਥੋੜ੍ਹਾ ਜਿਹਾ ਹਟ ਕੇ ਦੋ ਸ਼ਰਾਬੀ ਆਪਸ ਵਿਚ ਝਗੜ ਰਹੇ ਹਨ, ਤੇ ਬਾਕੀ ਲੋਕ ਉਨ੍ਹਾਂ ਦੇ ਆਲੇ-ਦੁਆਲੇ ਖੜ੍ਹੇ ਤਮਾਸ਼ਾ ਵੇਖ ਰਹੇ ਹਨ। ਇਕ ਸਿਪਾਹੀ ਨੇ ਗੱਡੀ ਵਿਚੋਂ ਉਤਰ ਕੇ ਲੜਨ ਵਾਲਿਆਂ ਵਿਚੋਂ ਇਕ ਦੇ ਮੌਰਾਂ ਵਿਚ ਤਿੰਨ ਚਾਰ ਘਸੁੰਨ ਮਾਰੇ ਹਨ ਤੇ ਉਸ ਨੂੰ ਗੱਡੀ ਵਲ ਨੂੰ ਖਿੱਚ ਲਿਆਇਆ ਹੈ, ਦੂਜਾ ਸ਼ਰਾਬੀ ਪੁਲਿਸ ਵੇਖ ਕੇ ਫੁਰਤੀ ਨਾਲ ਲੋਕਾਂ ਦੀ ਭੀੜ ਵਿਚ ਕਿਤੇ ਗਾਇਬ ਹੋ ਗਿਆ ਹੈ।

ਤਮਾਸ਼ਾ ਵੇਖਣ ਵਾਲੇ ਲੋਕਾਂ ਦੀ ਭੀੜ ਫੜੇ ਗਏ ਸ਼ਰਾਬੀ ਦੇ ਮਗਰ ਮਗਰ ਹੀ ਪੁਲਿਸ ਦੀ ਗੱਡੀ ਕੋਲ ਆ ਕੇ ਖੜੀ ਹੋ ਗਈ ਹੈ। ਪਿਛੋਂ ਇਕ ਆਦਮੀ ਨੇ ਸਮਾਨ ਨਾਲ ਭਰਿਆ ਸਰਾਫ਼ੀ ਦਾ ਝੋਲਾ ਉਸ ਨੂੰ ਆ ਫੜਾਇਆ ਹੈ ਜੋ ਉਸ

ਨੇ ਲੜਨ ਲਗਿਆਂ ਨੇੜੇ ਕਿਤੇ ਰੱਖ ਲਿਆ ਹੋਵੇਗਾ ਜਾਂ ਥੋੜੇ ਚਿਰ ਵਾਸਤੇ ਕਿਸੇ ਕੋਲ ਫੜਾ ਦਿਤਾ ਹੋਵੇਗਾ।

ਗੱਡੀ ਵਿਚੋਂ ਨਿੱਕਲ ਕੇ ਬਾਕੀ ਸਿਪਾਹੀਆਂ ਨੇ ਦੂਜੇ ਸ਼ਰਾਬੀ ਨੂੰ ਲੱਭਣ ਦਾ ਯਤਨ ਕੀਤਾ ਹੈ ਪਰ ਉਸਦੀ ਕੋਈ ਧੁਸਕ ਨਹੀਂ ਲੱਗ ਰਹੀ। ਇਕ ਹੱਟੇ ਕੱਟੇ ਸਿਪਾਹੀ ਨੇ ਸ਼ਰਾਬੀ ਨੂੰ ਪੱਗ 'ਚੋਂ ਬਾਹਰ ਨਿੱਕਲੇ ਤੇ ਗਿਚੀ 'ਤੇ ਪਲਮਦੇ ਕੇਸਾਂ ਤੋਂ ਫੜ ਕੇ ਗੱਡੀ ਵਿਚ ਨੂੰ ਕੋੜਾ ਜਿਹਾ ਕੀਤਾ ਹੈ ਤੇ ਪਿਛਿਓਂ ਜ਼ੋਰ ਨਾਲ ਚਿਤੜਾਂ 'ਤੇ ਗੋਡਾ ਮਾਰਿਆ ਹੈ। ਸ਼ਰਾਬੀ ਵੱਖਾਂ ਦੀਆਂ ਦੋਵੇਂ ਸੀਟਾਂ ਦੇ ਵਿਚਕਾਰ ਸਪਾਲ ਡਿਗ ਪਿਆ ਹੈ, ਉਸ ਦੀ ਮਾਵਾ ਲਾ ਕੇ ਬੰਨ੍ਹੀਂ ਗੂੜ੍ਹੀ ਨਾਭੀ ਪੱਗ ਉਸ ਨਾਲੋਂ ਵੀ ਤਿੰਨ ਕੁ ਗਿੱਠਾਂ ਅਗੇ ਜਾ ਡਿਗੀ ਹੈ। ਉਸਦੇ ਹੱਥ 'ਚ ਫੜੇ ਝੋਲੇ ਵਿਚੋਂ ਨਿੱਕਲ ਕੇ ਨਵਾਂ ਖ਼ਰੀਦਿਆ ਪਟਾ ਤੇ ਪਕੌੜਿਆਂ ਦਾ ਲਫ਼ਾਫ਼ਾ ਮੇਰੇ ਪੈਰਾਂ ਵਿਚ ਆ ਡਿਗਿਆ ਹੈ।

"ਪਕੌੜੇ ਵੀ ਨਾਲੇ ਚੁੱਕੀ ਫਿਰਦਾ, ਪਤ੍ਰਿਔਰਾ ਮੇਰਾ!" ਇਕ ਸਿਪਾਹੀ ਲਫ਼ਾਫ਼ਾ ਤੇ ਲਫ਼ਾਫ਼ੇ ਵਿਚੋਂ ਖਿਲਰੇ ਪਕੌੜੇ ਚੁੱਕਦਿਆਂ ਆਖਦਾ ਹੈ, ਤੇ ਸਾਰੇ ਸਿਪਾਹੀਆਂ ਨੂੰ ਦੋ ਦੋ ਪਕੌੜੇ ਦਿੰਦਾ ਹੈ।

ਥਾਣੇਦਾਰ ਦੇ ਕਹਿਣ 'ਤੇ ਡਰਾਈਵਰ ਨੇ ਗੱਡੀ ਤੋਰ ਲਈ ਹੈ।

ਸ਼ਰਾਬੀ ਉਸੇ ਤਰ੍ਹਾਂ ਸਾਡੇ ਪੈਰਾਂ 'ਚ ਸਪਾਲ ਪਿਆ ਸਹਿਜੇ ਸਹਿਜੇ ਡੁਸਕ ਰਿਹਾ ਹੈ। ਉਸਨੇ ਉੱਠਣ ਦਾ ਯਤਨ ਹੀ ਨਹੀਂ ਕੀਤਾ, ਸ਼ਾਇਦ ਉਹਦੀ ਸ਼ਰਾਬ ਸਹਿਜੇ ਸਹਿਜੇ ਉਤਰਨ ਲੱਗ ਪਈ ਹੈ, ਉਹ ਨਸ਼ੇ ਦੇ ਹਵਾ 'ਚ ਉਡਦੇ ਸੰਸਾਰ ਵਿਚੋਂ ਹਕੀਕੀ ਦੁਨੀਆਂ ਵਿਚ ਪਰਤ ਰਿਹਾ ਲਗਦਾ ਹੈ।

ਥੋੜੀ ਦੂਰ ਹੋਰ ਅਗੇ ਜਾ ਕੇ ਗੱਡੀ ਫੇਰ ਰੁਕ ਗਈ ਹੈ। ਮੋਹਰਲੀ ਸੀਟ 'ਤੇ ਡਰਾਈਵਰ ਦੇ ਨਾਲ ਬੈਠੇ ਥਾਣੇਦਾਰ ਨੇ ਸਾਹਮਣੇ ਵਲੋਂ ਆ ਰਹੇ ਇਕ ਟੈਂਪੂ ਨੂੰ ਹਥ ਦੇ ਕੇ ਖੜ੍ਹਾ ਕਰ ਲਿਆ ਹੈ। ਟੈਂਪੂ ਦੇ ਪਿਛੇ ਤੇ ਵੱਖਾਂ ਵਲ ਬਾਹਰ ਤੱਕ ਸਵਾਰੀਆਂ ਲੱਦੀਆਂ ਹੋਈਆਂ ਹਨ।

"ਕੀਂਅ ਓਏ ਭੂਤਨੀ ਦਿਓ! ਗੰਨਿਆਂ ਆਂਗੂ ਸੁਆਰੀਆਂ ਭਰ ਕੇ ਕਾਨੂੰਨ ਮਾਂਚੇ ਨੂੰ ਵਾੜੀ ਜਾਨੇ ਆ ਓਥੇ, ਜਿਥੋਂ ਨਿੱਕਲਿਆ, ਕਿ ਅਜੇ ਕਸਰ ਆ? ਥੋਨੂੰ ਕਿਸੇ ਸਾਲੇ ਦਾ ਡਰ ਭਉ ਹੈਗਾ ਕਿ ਨਈਂ?" ਥਾਣੇਦਾਰ ਨੇ ਰਤਾ ਕੁ ਨੀਵੀਂ ਹੋਈ ਆਪਣੀ ਭੂਰੀ ਮੁੱਛ ਨੂੰ ਵੱਟ ਚਾੜ੍ਹ ਕੇ ਮੁੜ ਉਪਰ ਨੂੰ ਖੜ੍ਹੀ ਕਰਦਿਆਂ ਟੈਂਪੂ ਵਾਲੇ ਤੋਂ ਪੁਛਿਆ ਹੈ।

"ਜਨਾਬ ਮਗਰਲਾ ਟੈਮ ਆਂ। ਹੱਈਆਂ ਖੂਹੀਆਂ ਸੁਆਰੀਆਂ ਬੈਹਗੀਆਂ। ਓਦਾਂ ਤਾਂ ਏਨੀਆਂ ਕਦੇ ਨੀ ਲੱਦੀਆਂ, ਗਾਹਾਂ ਨੂੰ ਖ਼ਿਆਲ ਰੱਖਾਂਗੇ।" ਟੈਂਪੂ ਵਾਲਾ ਸਫ਼ਾਈ ਦੇਣ ਵਾਲੇ ਲਹਿਜੇ ਵਿਚ ਜਿਵੇਂ ਇਸ ਅਚਾਨਕ ਟਪਕ ਪਈ ਬਲਾ ਤੋਂ ਆਪਣਾ ਪਿਛਾ ਛੁਡਾਉਣ ਵਾਸਤੇ ਆਖਦਾ ਹੈ।

"ਅੱਛਾ! ਆਪਣੇ ਕਾਗਜ਼ ਕੱਢ," ਥਾਣੇਦਾਰ ਨੇ ਟੈਂਪੂ ਵਾਲੇ ਨੂੰ ਹੁਕਮ ਦੇਣ ਵਾਲੇ ਅੰਦਾਜ਼ ਵਿਚ ਆਖਿਆ ਹੈ ਤੇ ਆਪ ਪਰੇ ਪਿਸ਼ਾਬ ਕਰਨ ਚਲੇ ਗਿਆ ਹੈ। ਟੈਂਪੂ ਵਾਲਾ ਹੌਲਦਾਰ ਨੂੰ ਇਸ਼ਾਰਾ ਕਰਕੇ ਸੜਕ ਦੇ ਨੇੜੇ ਬੋਹੜ ਦੇ ਦੂਜੇ ਪਾਸੇ ਲੈ ਗਿਆ ਹੈ। ਟੈਂਪੂ ਵਾਲੇ ਨੂੰ ਉਨ੍ਹਾਂ ਨਾਲ ਨਜਿੱਠਣ ਦਾ ਹੁਨਰ ਪਹਿਲਾਂ ਹੀ ਆਉਂਦਾ ਲਗਦਾ ਹੈ। ਬੁੱਲ੍ਹਾਂ ਵਿਚ ਸੱਜਰੀਆਂ ਮੁਸਕਾਨਾਂ ਲੈ ਕੇ ਟੈਂਪੂ ਵਾਲਾ ਤੇ ਹੌਲਦਾਰ ਮੁੜ ਟੈਂਪੂ ਕੋਲ ਆ ਗਏ ਹਨ।

ਹੌਲਦਾਰ ਨੇ ਅੱਖਾਂ ਨਾਲ ਹੀ ਥਾਣੇਦਾਰ ਨੂੰ ਸਾਰੀ ਗੱਲ ਸਮਝਾ ਦਿੱਤੀ ਹੈ। ਥਾਣੇਦਾਰ ਨੇ ਟੈਂਪੂ ਵਾਲੇ ਤੋਂ ਕਾਗ਼ਜ਼ ਲੈ ਕੇ ਉਨ੍ਹਾਂ 'ਤੇ ਸਰਸਰੀ ਨਜ਼ਰ ਮਾਰੀ ਹੈ ਤੇ ਕਾਗਜ਼ ਉਸ ਨੂੰ ਮੁੜ ਵਾਪਿਸ ਕਰ ਦਿਤੇ ਹਨ।

ਟੈਂਪੂ ਤੇ ਪੁਲਿਸ ਦੀ ਗੱਡੀ, ਇਕੋ ਸਮੇਂ ਸੜਕ 'ਤੇ ਆਪੋ ਆਪਣੇ ਪਾਸਿਆਂ ਨੂੰ ਚੱਲ ਪਏ ਹਨ। ਗੱਡੀ ਦੇ ਡਰਾਈ-ਵਰ ਨੇ ਸ਼ਾਇਦ ਹਨੇਰਾ ਹੁੰਦਾ ਵੇਖ ਕੇ ਗੱਡੀ ਦੀ ਸਪੀਡ ਪਹਿਲਾਂ ਨਾਲੋਂ ਤੇਜ਼ ਕਰ ਲਈ ਹੈ।

ਨੇੜੇ ਦੇ ਸ਼ਹਿਰ ਪੁਲਿਸ ਚੌਂਕੀ ਅਗੇ ਪਹੁੰਚ ਕੇ ਗੱਡੀ ਇਕ ਝਟਕੇ ਨਾਲ ਰੁਕ ਗਈ ਹੈ। ਥਾਣੇਦਾਰ ਦੇ ਕਹਿਣ 'ਤੇ ਅਸੀਂ ਸਾਰੇ ਗੱਡੀ 'ਚੋਂ ਉਤਰ ਕੇ ਉਹਦੇ ਪਿਛੇ ਪਿਛੇ ਪੁਲਿਸ ਚੌਂਕੀ ਦੇ ਅੰਦਰ ਲੰਘ ਆਏ ਹਾਂ।

ਥਾਣੇਦਾਰ ਨੇ ਮੈਨੂੰ ਅੰਦਰ ਡੱਠੇ ਮੰਜੇ 'ਤੇ ਬਹਿ ਜਾਣ ਵਾਸਤੇ ਆਖਿਆ ਹੈ। ਆਪ ਉਹ ਵਿਹੜੇ ਵਿਚ ਡੱਠੇ ਚੌਰਸ ਮੇਜ਼ ਦੁਆਲੇ ਡੱਠੀਆਂ ਕੁਰਸੀਆਂ ਵਿਚੋਂ ਇਕ ਕੁਰਸੀ 'ਤੇ ਬਹਿ ਗਿਆ।

ਡੋਡਿਆਂ ਵਾਲਾ ਅਮਲੀ ਥੱਲੇ ਸਲਾਬੀ ਹੋਈ ਜ਼ਮੀਨ 'ਤੇ ਬਹਿ ਗਿਆ ਹੈ ਤੇ ਸ਼ਰਾਬੀ ਮੇਰੇ ਨਾਲ ਹੀ ਮੰਜੇ 'ਤੇ ਬਹਿ ਗਿਆ ਹੈ। ਗੱਡੀ ਸ਼ਾਇਦ ਸਣੇ ਹੌਲਦਾਰ ਤੇ ਸਿਪਾਹੀਆ ਦੇ ਅਗਲੇ ਸ਼ਹਿਰ ਦੀ ਪੁਲਿਸ ਚੌਂਕੀ ਵਲ ਚਲੀ ਗਈ ਹੈ।

ਕੁਝ ਚਿਰ ਅੰਦਰ ਸਾਨੂੰ ਖ਼ਾਮੋਸ਼ ਬੈਠਿਆਂ ਨੂੰ ਹੋਇਆ ਹੈ, ਚੌਂਕੀ ਦਾ ਹੌਲਦਾਰ ਅੰਦਰ ਆਇਆ ਹੈ। ਉਸਨੇ ਆਉਂਦਿਆਂ ਹੀ ਬਿਨਾਂ ਕੋਈ ਗੱਲ ਪੁਛਿਆਂ ਦਸਿਆਂ ਦੋ ਥੱਪੜ ਖਿੱਚ ਖਿੱਚ ਕੇ ਸ਼ਰਾਬੀ ਦੇ ਮੂੰਹ 'ਤੇ ਮਾਰੇ ਹਨ। ਸ਼ਰਾਬੀ ਦੀ ਗੱਡੀ ਵਿਚ ਖੁਲ੍ਹੀ ਤੇ ਸਿਰ 'ਤੇ ਮੁੜ ਲਪੇਟੀ ਪੱਗ, ਦੂਰ ਪਰ੍ਹੇ ਜਾ ਡਿਗੀ ਹੈ। ਹੌਲਦਾਰ ਨੇ ਉਸ ਨੂੰ ਗਲੋਂ ਫੜ ਕੇ ਥੱਲੇ ਨੂੰ ਧੱਕਾ ਮਾਰਿਆ ਹੈ ਤੇ ਹੌਲਦਾਰ ਉਸ ਨੂੰ ਆਖਦਾ ਹੈ, "ਸਾਲਿਆ, ਮੁੰਡੇ ਦੇ ਸਹੁਰੀਂ ਆਇਆਂ! ਬਹਿ ਗਿਆ ਆ ਕੇ ਕੁੜਮਾਂ ਆਂਗੂ ਮੰਜੇ 'ਤੇ! ਹਵਾ ਕੁ ਸਾਨ ਅਟਕ ਤੇਰੇ ਥੱਲੇ ਵਿਛਾਨੇਆਂ ਫੁੱਲਾਂ ਆਲੀ ਚਾਦਰ!"

ਸ਼ਰਾਬੀ ਹੁਬਕੀ ਹੁਬਕੀ ਰੋਣ ਲਗ ਪਿਆ ਹੈ। ਹੌਲਦਾਰ ਉਹਦੀ ਝਾੜ ਝਾੜ ਕਰਕੇ ਬਾਹਰ ਚਲੇ ਗਿਆ ਹੈ ਤੇ ਅਮਲੀ ਉਸ ਨੂੰ ਹੌਸਲਾ ਦੇਣ ਲੱਗ ਪਿਆ ਹੈ — "ਧੀਰਾ ਹੋ ਬਈ ਜੁਆਨਾ। ਦੜ ਵੱਟ ਕੇ ਈ ਏਦਾਂ ਦਾ ਭੈੜਾ ਆਲਾ ਵੇਲਾ ਟੱਪਦਾ। ਮੀਂਹ ਦੇ ਤਿਲ੍ਹਕੇ ਦਾ ਤੇ ਸਰਕਾਰ ਦੇ ਝਿੜਕੇ ਦਾ ਬਾਲ੍ਹਾ ਰੰਜ ਨੀ ਕਰੀਦਾ! ਇਨ੍ਹਾਂ ਕੁਤੇ ਦੇ ਪੁੱਤ ਕਸਾਈਆਂ ਤੋਂ ਤਾਂ ਰੱਬ ਦੂਰ ਈ ਰੱਖੇ! ਤੂੰ ਆ ਕੇ ਐਂਅ ਮੰਜੇ ਤੇ ਬੈਹ ਗਿਆਂ ਮੁਕਲਾਵਾ ਲੈਣ ਆਇਆਂ ਹੁੰਨ'!"

ਸ਼ਰਾਬੀ ਨੇ ਅਮਲੀ ਦੀ ਲੰਮੀ ਚੌੜੀ ਗੱਲ ਤੇ ਨਸੀਹਤ ਦਾ ਕੋਈ ਉੱਤਰ ਨਹੀਂ ਦਿਤਾ ਤੇ ਉਹ ਇਕੋ ਰਫ਼ਤਾਰ ਨਾਲ ਸਿਸਕੀ ਜਾ ਰਿਹਾ ਹੈ।

ਸ਼ਰਾਬੀ ਦੇ ਚਿੱਤ ਵਿਚ ਪਤਾ ਨਹੀਂ ਕਿਹੜੀ ਗੱਲ ਆ ਗਈ ਹੈ, ਉਸ ਨੇ ਉੱਠ ਕੇ ਮੇਰੇ ਦੋਵੇਂ ਪੈਰ ਫੜ ਲਏ ਹਨ ਤੇ ਪਹਿਲਾਂ ਨਾਲੋਂ ਰਤਾ ਉੱਚੀ ਅਵਾਜ਼ ਵਿਚ ਡੁਸਕਦਿਆਂ ਮੇਰੇ ਤਰਲੇ ਕਰਨ ਲੱਗ ਪਿਆ ਹੈ — "ਸਰਦਾਰ ਜੀ! ਮਿੰਤ ਨਾਲ ਮੈਨੂੰ ਏਸ ਨਰਕ 'ਚੋਂ ਕਢਾ ਦਿਓ! ਮੈਂ ਗ਼ਰੀਬ ਮਾਰਿਆ ਜਾਊਂ!"

ਲੰਮੀ ਮਜਬੂਰੀ ਨਾਲ, ਧੁਰ ਤੱਕ ਭਰੀਆਂ ਆਪਣੀਆਂ

ਅੱਖਾਂ ਨਾਲ ਮੈਂ ਉਸ ਵੇਖ ਰਿਹਾ ਹਾਂ, ਪਰ ਉਸਨੂੰ ਦੇਣ ਵਾਸਤੇ ਮੇਰੇ ਕੋਲ ਕੋਈ ਜਵਾਬ ਨਹੀਂ ਹੈ, ਨਾ ਉਸਦੇ ਰੋਗ ਦੀ ਕੋਈ ਦਵਾਈ ਮੇਰੇ ਕੋਲ ਹੈ।

"ਸਰਦਾਰ ਜੀ ਮੈਂ ਮਜਾਰੇ ਆਲੇ ਕਿਸਨ ਸਿਹੁੰ ਦਾ ਮੁੰਡਾ ਆਂ ! ਤੁਸੀਂ ਨਾ' ਸੁਣਿਆਂ ਹੋਊਗਾ ? ਨਿਕੇ ਨਿਕੇ ਮੇਰੇ ਨਿਆਣੇ ਆਂ, ਮੈਨੂੰ ਲੱਭਦੇ ਫਿਰੂਗੇ, ਮੈਂ ਕਦੇ ਥੋੜਾ ਕੀਤਾ ਨਾ ਭੁਲਾਊਂ ! ਇਕ ਆਰੀਂ ਮੈਨੂੰ ਇੰਨ੍ਹਾਂ ਜੀਂ'ਦੇ ਜਮਾਂ ਤੋਂ ਛੁੜਾ ਦਿਓ !" ਸ਼ਰਾਬੀ ਬੰਦਾ ਮੇਰੇ ਤਰਲੇ ਕਰੀ ਜਾ ਰਿਹਾ ਹੈ।

"ਭਰਾਵਾ, ਮੈਂ ਤਾਂ ਆਪ ਤੇਰੇ ਵਰਗਾਂ, ਤੇਰੇ ਆਂਗੂ ਮੈਨੂੰ ਵੀ ਇਹ ਫੜ ਕੇ ਲੈ ਆਏ-ਆ ! ਮੈਂ ਤੇਰੀ ਕਿਥੋਂ ਮੱਦਤ ਕਰਾਂ !" ਮੈਂ ਸ਼ਰਾਬੀ ਨੂੰ ਅਸਲ ਗੱਲ ਦੱਸ ਦਿਤੀ ਹੈ, ਪਰ ਉਸ ਨੂੰ ਜਿਵੇਂ ਸੱਚ ਜਿਹਾ ਨਹੀਂ ਆਇਆ। ਸ਼ਾਇਦ ਉਹ ਸੋਚ ਰਿਹਾ ਹੈ ਕਿ ਫੜ ਕੇ ਲਿਆਂਦਾ ਗਿਆ ਬੰਦਾ ਮੰਜੇ 'ਤੇ ਕਿਵੇਂ ਬਹਿ ਸਕਦਾ ਹੈ ? ਮੇਰੇ ਜਵਾਬ ਨਾਲ ਜਾਂ ਮੈਨੂੰ ਵੀ ਫੜ ਕੇ ਲਿਆਂਦਾ ਗਿਆ ਸੁਣ ਕੇ ਸ਼ਰਾਬੀ ਨਰਾਸ ਜਿਹਾ ਹੋ ਗਿਆ ਹੈ ਤੇ ਪਲ ਦੇ ਪਲ ਲਈ ਉਸਦੀਆਂ ਸਿਸਕੀਆਂ ਨੂੰ ਪਰ੍ਹੇ ਧੱਕ ਕੇ, ਉਹਦੇ ਚਿਹਰੇ 'ਤੇ ਆਈ ਰੌਣਕ ਫੇਰ ਗ਼ਾਇਬ ਹੋ ਗਈ ਹੈ।

"ਸਰਦਾਰ ਜੀ ਜਰਾ ਕੁ ਬ੍ਹਾਰ ਆਇਓ ਤਾਂ !" ਥਾਣੇਦਾਰ ਨੇ ਬਾਹਰੋਂ ਮੇਰੇ ਵਲ ਮੂੰਹ ਕਰਕੇ ਮੈਨੂੰ ਆਵਾਜ਼ ਮਾਰੀ ਹੈ। ਮੈਂ ਉੱਠ ਕੇ ਥਾਣੇਦਾਰ ਦੇ ਕੋਲ ਪਹੁੰਚ ਗਿਆ ਹਾਂ, ਉਸ ਨੇ ਮੈਨੂੰ ਮੇਜ਼ ਦੇ ਦੂਜੇ ਪਾਸੇ ਪਈ ਕੁਰਸੀ 'ਤੇ ਬੈਠ ਜਾਣ ਲਈ ਆਖਿਆ ਹੈ।

"ਚਾਹ ਦਾ ਕੱਪ ਲਵੋ !" ਮੇਜ਼ 'ਤੇ ਭਰੇ ਪਏ ਚਾਹ ਦੇ ਕੱਪ ਵਲ ਇਸ਼ਾਰਾ ਕਰਕੇ ਥਾਣੇਦਾਰ ਨੇ ਮੈਨੂੰ ਆਖਿਆ ਹੈ।

"ਨਹੀਂ ਬੱਸ ਮੇਹਰਬਾਨੀ, ਤੁਸੀਂ ਪੀਓ," ਮੈਂ ਸੰਕੋਚ ਜਿਹੇ ਨਾਲ ਜਵਾਬ ਦਿੰਦਾ ਹਾਂ। ਮੈਨੂੰ ਅੰਦਰੋਂ ਅੰਦਰ ਬਿਨਾ ਕਾਰਨ ਪੁਲਿਸ ਵਲੋਂ ਗ੍ਰਿਫਤਾਰ ਕੀਤੇ ਜਾਣ ਦਾ ਗੁਸਾ ਜਿਹਾ ਵੀ ਹੈ ਤੇ ਮੇਰੀ ਚਾਹ ਪੀਣ ਤੋਂ ਨਾਂਹ ਤੇ ਸੰਕੋਚ ਵਿਚ ਏਸ ਗੁਸੇ ਦੀ ਵੀ ਬੇ-ਮਲੂਮੀ ਜਿਹੀ ਝਲਕ ਹੈ।

"ਨਾ ਨਾ ! ਯਕੋ ਨਾ। ਤੁਸੀਂ ਕੋਈ ਘਟੀਆ ਕਿਸਮ ਦੇ ਮੁਜਰਿਮ ਨਹੀਂ; ਰਾਮ ਨਾ' ਚਾਹ ਪੀਓ," ਥਾਣੇਦਾਰ ਮੈਨੂੰ ਦੋਬਾਰਾ ਚਾਹ ਲਈ ਜ਼ੋਰ ਦੇ ਕੇ ਆਖਦਾ ਹੈ।

ਮੈਂ ਕੁਰਸੀ 'ਤੇ ਬਹਿ ਕੇ ਚਾਹ ਪੀਣ ਲੱਗ ਪਿਆਂ ਹਾਂ ਤੇ ਥਾਣੇਦਾਰ ਨੂੰ ਪੁੱਛਦਾ ਹਾਂ — "ਰਾਤ ਇਥੇ ਰੈਹਣਾਂ ਕਿ ਅੱਗੇ ਕਿਤੇ ਜਾਣਾਂ ?"

"ਥਾਣੇ ਪੌਂਚਣਾਂ। ਮੈਂ ਥਾਣੇ ਦਾ ਐਸ. ਐਚ. ਓ. ਆਂ, ਗੱਡੀ ਰਤਾ ਲਾਹਾਂ ਗਈ ਆ, ਬੱਸ ਹੁਣੇ ਗੱਡੀ ਆ ਗਈ ਤੇ ਚੱਲ ਪੈਣਾਂ," ਥਾਣੇਦਾਰ ਨੇ ਮੈਨੂੰ ਯਕੀਨ ਦਵਾਉਣ ਵਾਲੇ ਅੰਦਾਜ਼ ਵਿਚ ਆਖਿਆ ਹੈ।

ਕੁਝ ਚਿਰ ਬਾਅਦ ਪੁਲਿਸ ਦੀ ਗੱਡੀ ਆ ਗਈ ਹੈ ਤੇ ਅਸੀਂ ਗੱਡੀ ਵਿਚ ਬਹਿ ਕੇ ਅੱਧੇ ਘੰਟੇ ਵਿਚ ਥਾਣੇ ਪਹੁੰਚ ਗਏ ਹਾਂ। ਗੱਡੀ ਵਿਚ ਸਾਡੇ ਨਾਲ ਆਏ ਸਿਪਾਹੀ ਰਾਹ ਵਿਚ ਮੇਰੇ ਨਾਲ ਲੋਕਾਂ ਦੇ ਮਸਲਿਆਂ ਬਾਰੇ ਰਾਜਨੀਤਕ ਕਿਸਮ ਗੱਲਾਂ ਕਰਦੇ ਆਏ ਸਨ। ਉਹ ਮੇਰੀਆਂ ਗੱਲਾਂ ਸੁਣ ਕੇ ਜਿਵੇਂ ਪ੍ਰਭਾਵਤ ਜਿਹੇ ਹੋ ਗਏ ਹਨ ਤੇ ਮੇਰੇ ਨਾਲ ਉਨ੍ਹਾਂ ਨੂੰ ਅੰਦਰੋਂ ਅੰਦਰ ਜਿਵੇਂ ਹਮਦਰਦੀ ਹੋ ਗਈ ਹੈ।

ਉਨ੍ਹਾਂ ਵਿਚ ਇਕ ਸਿਪਾਹੀ ਥਾਣੇਦਾਰ ਤੋਂ ਪਰਦੇ ਨਾਲ ਮੇਰੇ ਕੰਨ ਕੋਲ ਆਪਣਾ ਮੂੰਹ ਕਰਕੇ ਆਖਦਾ ਹੈ — "ਇਹ ਸੌਰ੍ਹਾ ਥਾਣੇਦਾਰ ਰੀਣ ਪਾਸੇ ਹੋ ਜੇ ਤਾਂ ਥੋਨੂੰ ਦੁਕਾਨ 'ਤੋਂ ਰੋਟੀ ਪਾਣੀ ਛਕਾ ਕੇ ਅੰਦਰ ਲਜਾਈਏ, ਫੇਰ ਅਸੀਂ ਵਰਦੀਆਂ ਲਾਹ ਕੇ ਚਲੇ ਜਾਣਾ, ਦੂਜੇ ਸਾਲੇ ਥੋਡੇ ਕੋਲੋਂ ਪੈਸੇ ਲੈ ਕੇ ਬਾਹਰੋਂ ਰੋਟੀ ਲੈ ਕੇ ਮਗੌਣਗੇ ਤਾਂ ਪੰਜਾਂ ਰੁਪਈਆਂ 'ਚੋਂ ਚਾਰ ਉਨ੍ਹਾਂ ਨੇ ਖਾ ਜਾਣੇ ਆਂ।"

"ਨਹੀਂ, ਮੈਨੂੰ ਰੋਟੀ ਦੀ ਲੋੜ ਕੋਈ ਨੀ। ਤੁਸੀਂ ਫ਼ਿਕਰ ਨਾ ਕਰੋ।" ਮੈਂ ਸਿਪਾਹੀ ਦੀ, ਆਪਣੇ ਲਈ ਹਮਦਰਦੀ ਨਾਲ ਭਰੀ ਗੱਲ ਦਾ, ਸੰਖੇਪ ਜਿਹਾ ਉੱਤਰ ਦਿੰਦਾ ਹਾਂ।

ਥਾਣੇ ਦੇ ਅੰਦਰ ਲਿਜਾ ਕੇ ਸਾਨੂੰ ਬਰਾਮਦੇ ਦੇ ਠੰਢੇ ਫ਼ਰਸ਼ 'ਤੇ ਬਿਠਾਲ ਦਿਤਾ ਗਿਆ ਹੈ। ਸਾਰਿਆਂ ਨੂੰ ਉੱਪਰ ਲੈਣ ਲਈ ਇਕ ਇਕ ਪੁਰਾਣਾ, ਮੈਲਾ ਤੇ ਖਸਤਾ ਜਿਹਾ ਕੰਬਲ ਦੇ ਦਿਤਾ ਗਿਆ ਹੈ। ਮੈਨੂੰ ਸ਼ਾਇਦ ਬਾਕੀਆਂ ਨਾਲੋਂ ਵਿਸ਼ੇਸ਼ ਰਿਆਇਤ ਦਿਤੀ ਗਈ ਹੈ, ਇਕ ਫਟਿਆ ਹੋਇਆ, ਮਿੱਟੀ ਨਾਲ ਭਰਿਆ ਤੱਪੜ ਮੈਨੂੰ ਹੇਠ ਵਿਛਾਉਣ ਵਾਸਤੇ ਦੇ ਦਿੱਤਾ ਗਿਆ ਹੈ।

ਥਾਣੇਦਾਰ ਨੇ ਵਰਦੀ ਲਾਹ ਕੇ ਸਾਦੇ ਆਮ ਕਪੜੇ ਪਹਿਨ ਲਏ ਹਨ ਤੇ ਉਸਨੇ ਘਰ ਨੂੰ ਜਾਣ ਤੋਂ ਪਹਿਲਾਂ, ਮੇਰੇ ਵੱਲ ਇਸ਼ਾਰਾ ਕਰਕੇ, ਟੁੱਟੀ ਪਿੱਠ ਵਾਲੀ ਕੁਰਸੀ ਤੇ ਬੈਠੇ ਸਿਪਾਹੀ ਨੂੰ ਹਦਾਇਤ ਕੀਤੀ ਹੈ :- "ਹਾਅ ਸਰਦਾਰ ਕਤਾਬਾਂ ਲਿਖਣ ਆਲਾ ਲਖਾਰੀ ਆ। ਲਾਕੇ ਦੀ ਮੁਡੀਰ ਏਦ੍ਹੇ ਕਹੇ 'ਚ ਤੁਰਦੀ ਆ। ਸਵੇਰੇ ਐਸ. ਪੀ. ਨੇ ਏਦੇ ਕੋਲੋਂ ਪੁੱਛ-ਗਿੱਛ ਕਰਨ ਲਈ ਔਣਾ। ਹੁਣ ਏਨੂੰ ਬਾਲ੍ਹਾ ਛੇੜਿਓ ਨਾ।"

ਫੇਰ ਥਾਣੇਦਾਰ ਸਿਪਾਹੀ ਨੂੰ ਮੈਥੋਂ ਪਰੇ ਲਿਜਾ ਕੇ ਕੁਝ ਸਮਝਾਉਂਦਾ ਰਿਹਾ।

ਥਾਣੇਦਾਰ ਚਲੇ ਗਿਆ ਤਾਂ ਮੁਣਸ਼ੀ ਆ ਗਿਆ। ਮੁਣਸ਼ੀ ਦੀਆਂ ਲੱਤਾਂ ਨਸ਼ੇ ਨਾਲ ਲੜਖੜਾ ਰਹੀਆਂ ਸਨ ਤੇ ਉਹ ਆਉਂਦਿਆਂ ਹੀ ਸਿਪਾਹੀ ਵੱਲ ਮੂੰਹ ਕਰਕੇ ਬੋਲਿਆ—"ਅੱਜ ਕੇੜ੍ਹੇ ਕੇੜ੍ਹੇ ਸ਼ਕਾਰ ਜਾਲ 'ਚ ਫਸੇ ਆ ?"

"ਸ਼ਕਾਰ ਆ ਠੈਗਣ" ਸਿਪਾਹੀ ਬੋਲਿਆ -- "ਸਵੇਰ ਦੇ ਘੁੰਮਦੇ ਗੱਡੀ 'ਚ ਮਾਂ ਜਾ ਭੀ ਕੜਬ ਲੱਦ ਲਿਆਏ ਆ, ਇਕ ਹਾਅ ਅਮਲੀ ਤੇ ਸ਼ਰਾਬੀ ਆ ! ਨੰਗ ਭੁੱਖ ਦੇ ਮਾਰਿਓ, ਜੇਬ 'ਚ ਸਾਲਿਆਂ ਦੇ ਕੌਡੀ ਨੀ। ਇਕ ਹਾਅ ਪੰਜਾਲੀ ਦੀ ਫੱਟੀ ਅਰਗਾ ਸਰਦਾਰ ਬੈਠਾ, ਇਹ ਕਤਾਬਾਂ ਲਿਖਣ ਆਲਾ ਕੋਮਨਿਸਟ ਆ, ਕੋਮਨਿਸਟ ਤਾਂ ਥੋਨੂੰ ਚੰਗਾ ਭਲਾ ਪਤਾ ਆਪਣੇ ਕਿਸੇ ਸਾਕ ਨੂੰ ਵੀ ਪੁਲਿਸ ਆਲਿਆਂ ਨੂੰ ਧੇਲਾ ਨੀ ਦੇਣ ਦਿੰਦੇ।"

"ਇਹ ਕਰਦਾ ਕੀ ਆ ?" ਮੁਣਸ਼ੀ ਸਿਪਾਹੀ ਤੋਂ ਪੁੱਛਦਾ ਹੈ।

"ਕਰਨਾ ਕਤਾਉਣ ! ਐਮੀਂ ਕਾਮਰੇਟਾ, ਆਲੀਆਂ ਕਵਿੱਤਾਂ ਲਿਖਦਾ, ਓਦਾਂ ਖੇਤੀ ਬੀ ਕਰਦਾ, ਪਰਸੋਂ ਜੇੜੀ ਸਾਧਪੁਰ ਨੇੜੇ ਭੂਤਨੀ ਫ਼ੁਕਰੀਟ ਨੇ ਬੱਸ ਸਾੜੀ ਆ, ਓਦ੍ਹੇ 'ਚ ਪਤਾ ਲੱਗਾ ਏਦ੍ਹਾ ਵੀ ਹੱਥ ਆ।" ਸਿਪਾਹੀ ਵਿਸਥਾਰ ਨਾਲ ਦੱਸਦਾ ਹੈ।

"ਏਦ੍ਹਾ ? ਸੁਕੜੂ ਜਏ ਦਾ !" ਮੁਣਸ਼ੀ ਮੇਰੇ ਵਲ ਵੇਖ ਕੇ ਹੈਰਾਨੀ ਜਿਹੀ ਨਾਲ ਪੁੱਛਦਾ ਹੈ।

"ਹਾਂ ਜੀ," ਸਿਪਾਹੀ ਦੱਸਦਾ ਹੈ।

ਏਨੇ ਨੂੰ ਦੋ ਸਿਪਾਹੀ ਇਕ ਮੈਲੇ ਕੱਪੜਿਆਂ ਵਾਲੇ ਮਾੜਚੂ

ਜਿਹੇ ਬੰਦੇ ਨੂੰ ਧੱਕੇ ਧੌਲੇ ਮਾਰਦੇ ਥਾਣੇ ਦੇ ਅੰਦਰ ਲੈ ਆਏ ਹਨ।

"ਲੰਮਾ ਪਾ ਕੇ ਕਰੋ ਸਾਲੇ ਦੇ ਚਿਤੜ ਪੱਧਰੇ," ਇਕ ਸਿਪਾਹੀ ਆਖਦਾ ਹੈ।

"ਇਹ ਸ਼ਗ਼ਾਰ ਐਸ ਵੇਲੇ ਕਿੱਧਰੋਂ ਲੱਭ ਲਿਆਂਦਾ ਓਏ," ਮੁਣਸ਼ੀ ਉਸ ਬੰਦੇ ਨੂੰ ਲਿਆਉਣ ਵਾਲਿਆਂ ਵਿਚੋਂ ਇਕ ਸਿਪਾਹੀ ਨੂੰ ਰਤਾ ਪਰ੍ਹੇ ਲਿਆ ਕੇ ਪੁੱਛਦਾ ਹੈ।

"ਸਾਲਾ ਪੰਡਤ ਮੋਣੂ ਲਾਲ ਦੀ ਹੱਟੀ ਮੋਹ੍ਰੇ ਘੱਟ ਮੂੰਹ ਨੂੰ ਲਾ ਕੇ ਖੇਖਨ ਕਰਦਾ ਸੀ," ਸਿਪਾਹੀ ਮੁਣਸ਼ੀ ਨੂੰ ਦੱਸਦਾ ਹੈ।

"ਪਵੀਲਾਂ ਸਾਲੇ ਦੀ ਜ਼ਰਾ ਤਲਾਸ਼ੀ ਤੇ ਫੇਰ ਪਾਓ ਸਪਾਲ ਲੰਮਾ," ਮੁਣਸ਼ੀ ਦਬਕਾ ਮਾਰਨ ਵਾਂਗ ਆਖਦਾ ਹੈ। ਇਕ ਸਿਪਾਹੀ ਬੇਸਬਰੀ ਨਾਲ ਉਹਦੀਆਂ ਜੇਬਾਂ ਫਰੋਲਣ ਲਗ ਪਿਆ. ਉਹਦੀ ਜੇਬ ਵਿਚੋਂ ਦੋ ਰੁਪਏ ਤੀਹ ਪੈਸੇ ਨਿਕਲੇ।

"ਕਿੱਥੇ ਐਮੀਂ ਏਸ ਸੋਤ੍ਹੂ ਨੰਗ ਨੂੰ ਖਿੱਚੀ ਆਏ ਆਂ ਓਏ! ਜੇਬ ਏਦ੍ਹੀ 'ਚ ਕੀ ਵੜੇਮਾਂ? ਸਾਲੇ ਦੇ ਚਿਤੜ ਰਾੜ੍ਹ ਕੇ ਬਾਰ੍ਹ ਕਰੋ! ਕਿਥੇ ਗੰਦ ਪਾਇਆ! ਏਥੇ ਭੁੱਖੇ ਨੰਗੇ ਕੱਠੇ ਮਾਂਹ ਵਸਾਖੀ ਦਾ ਮੇਲਾ ਲੈਣਾਂ!" ਮੁਣਸ਼ੀ ਸਿਪਾਹੀ ਨੂੰ ਰਤਾ ਕੁ ਘੂਰਨ ਵਾਲੇ ਅੰਦਾਜ਼ ਵਿਚ ਆਖਦਾ ਹੈ। ਉਹਦੇ ਬੋਲਾਂ ਵਿਚ ਫੜ ਕੇ ਲਿਆਂਦੇ ਗਏ ਬੰਦੇ ਦੀ ਜੇਬ ਵਿਚੋਂ ਕੁਝ ਨਾ ਮਿਲਣ ਦਾ ਗੁਸਾ ਬਲ ਰਿਹਾ ਲਗਦਾ ਹੈ।

ਬਾਹਰੋਂ ਫੜ ਕੇ ਲਿਆਂਦੇ ਗਏ ਬੰਦੇ ਦੇ ਮੌਰਾਂ 'ਚ ਤਿੰਨ ਚਾਰ ਤੋਤੇ ਮਾਰ ਕੇ ਸਿਪਾਹੀ ਉਸਨੂੰ ਆਖਦਾ ਹੈ — "ਦੌੜ ਜਾ ਏਥੋਂ! ਸਾਲਾ ਬਾਰ੍ਹ ਗੱਪਾਂ ਮਾਰਦਾ ਸੀ, ਜੇਬ 'ਚ ਹੈਨੀ ਦੁੱਕੀ ਵੀ!"

ਫੜਿਆ ਗਿਆ ਬੰਦਾ ਥਾਣੇ ਅੰਦਰੋਂ ਇਉਂ ਬਾਹਰ ਨੂੰ ਦੌੜ ਗਿਆ ਹੈ, ਜਿਵੇਂ ਪਿੰਜਰੇ ਵਿਚੋਂ ਚੂਹਾ ਦੌੜਦਾ ਹੈ। ਉਸਨੂੰ ਆਪਣੇ ਮੌਰਾਂ ਵਿਚ ਵੱਜੇ ਤੋਤਿਆਂ ਦੀ ਪੀੜ ਦਾ ਵੀ ਜਿਵੇਂ ਭੋਰਾ ਅਹਿਸਾਸ ਨਹੀਂ ਹੋਇਆ। ਉਹ ਸਿਪਾਹੀਆਂ ਵਲੋਂ ਤਲਾਸ਼ੀ ਲੈ ਕੇ ਤੇ ਮੇਜ਼ 'ਤੇ ਕੱਢ ਕੇ ਰਖੇ, ਦੋ ਰੁਪਏ ਤੀਹ ਪੈਸੇ ਵੀ ਉੱਥੇ ਹੀ ਛੱਡ ਕੇ ਨੱਸ ਗਿਆ ਹੈ।

"ਓਏ! ਸਾਲਿਓ ਹੁਣੇ ਹੁਣੇ ਮੱਛਰ ਦੀ ਦੁਆਈ ਦਾ ਫ਼ਿਕਰ ਕਰ ਲੋ!" ਇਕ ਸਿਪਾਹੀ ਮੇਰੇ ਨਾਲ ਬੈਠੇ ਬੰਦਿਆਂ ਨੂੰ ਸੰਬੋਧਨ ਕਰਕੇ ਆਖਦਾ ਹੈ।

"ਹੋ ਸਾਲੇ ਝਾਉਂ ਜੇ ਕੁਸਕਦੇ! ਉਠੋ ਓਏ ਤਾਹਾਂ ਕੰਜਰ ਦਿਓ!" ਸਿਪਾਹੀ ਮੇਰੇ ਨਾਲ ਗੱਡੀ ਵਿਚ ਲਿਆਂਦੇ ਅਮਲੀ, ਸ਼ਰਾਬੀ ਤੇ ਪਹਿਲਾਂ ਹੀ ਬਰਾਮਦੇ 'ਚ ਬਹਾਲੇ ਹੋਏ ਬੰਦਿਆਂ ਨੂੰ ਆਖਦਾ ਹੈ।

ਫੜ ਕੇ ਲਿਆਂਦੇ ਹੋਏ ਬੰਦਿਆਂ ਨੂੰ ਲੈ ਕੇ ਸਿਪਾਹੀ ਸਾਹਮਣੇ ਕੋਠੜੀ ਵਿਚ ਜਾ ਵੜਿਆ ਹੈ। ਮੈਂ ਚੁਪ ਚਾਪ ਆਪਣੇ ਥਾਂ ਬੈਠਾ ਹਾਂ। ਮੈਨੂੰ ਉੱਠਣ ਵਾਸਤੇ ਨਹੀਂ ਆਖਿਆ ਗਿਆ ਹੈ।

ਕੁਝ ਚਿਰ ਬਾਅਦ ਫੜ ਕੇ ਲਿਆਂਦੇ ਗਏ ਬੰਦਿਆਂ ਦੇ ਨਾਲ ਹੀ ਸਿਪਾਹੀ ਬਾਹਰ ਨਿਕਲ ਆਇਆ ਹੈ ਤੇ ਮੁਣਸ਼ੀ ਨੂੰ ਕੁਝ ਰੁਪਏ ਫੜਾ ਰਿਹਾ ਰਿਹਾ ਹੈ। ਜਾਪਦਾ ਹੈ ਇਹ ਰੁਪਏ ਫੜ ਕੇ ਲਿਆਂਦੇ ਗਏ ਬੰਦਿਆਂ ਦੀਆਂ ਜੇਬਾਂ ਵਿਚੋਂ ਕਢਵਾਏ ਗਏ ਹਨ। ਮੁਣਸ਼ੀ ਸਿਪਾਹੀ ਕੋਲੋਂ ਪੈਸੇ ਫੜ ਕੇ ਤੇ ਛੱਡ ਦਿੱਤੇ। ਬੰਦੇ ਦੇ ਮੇਜ਼ 'ਤੇ ਪਏ ਦੋ ਰੁਪਏ ਤੀਹ ਪੈਸੇ ਚੁੱਕ ਕੇ, ਮੁਸਕਰਾਉਂਦਾ ਹੋਇਆ ਬਾਹਰ ਚਲੇ ਗਿਆ ਹੈ। ਉਸਦੇ ਨਾਲ ਹੀ ਬਾਹਰੋਂ ਆਏ ਦੋਵੇਂ ਸਿਪਾਹੀ ਤੇ ਟੁੱਟੀ ਹੋਈ ਪਿੱਠ ਵਾਲੀ ਕੁਰਸੀ 'ਤੇ ਬੈਠਾ ਹੋਇਆ ਸਿਪਾਹੀ ਵੀ ਬਾਹਰ ਚਲੇ ਗਿਆ ਹੈ।

ਤਿੰਨੇ ਸਿਪਾਹੀ ਤੇ ਚੌਥਾ ਮੁਣਸ਼ੀ ਮੁੜ ਕੇ ਥਾਣੇ ਵਿਚ ਨਸ਼ੇ ਦੇ ਅੱਥਰੇ ਘੋੜੇ 'ਤੇ ਸਵਾਰ ਹੋ ਕੇ ਆਏ ਹਨ। ਆਉਣ ਵਾਲੇ ਸ਼ਰਾਬੀ ਸਿਪਾਹੀਆਂ ਵਿਚੋਂ ਇਕ ਸਿਪਾਹੀ ਗੇਟ ਵਿਚ ਖੜੋਤੇ ਸਿਪਾਹੀ ਤੋਂ ਰਾਈਫ਼ਲ ਫੜ ਕੇ ਸੰਤਰੀ ਦੀ ਡਿਊਟੀ 'ਤੇ ਜਾ ਖੜਾ ਹੋਇਆ ਹੈ। ਬਾਕੀ ਸਿਪਾਹੀ ਤੇ ਮੁਣਸ਼ੀ ਡਿਊਟੀ ਤੋਂ ਵਿਹਲੇ ਹੋਏ ਸਤਰੀ ਨੂੰ ਨਾਲ ਲੈ ਕੇ ਫੇਰ ਬਾਹਰ ਨਿਕਲ ਗਏ ਹਨ। ਥਾਣੇ ਦੇ ਮਾਹੌਲ ਵਿਚ ਸਿਪਾਹੀਆਂ ਦੇ ਸਾਹਾਂ ਵਿਚ ਭਰੀ ਹੋਈ ਸ਼ਰਾਬ ਦੀ ਤਿੱਖੀ ਗੰਧ ਖਿਲਰ ਗਈ ਹੈ।

"ਤੇਰਾ ਕੀ ਨੌਂ ਆਂ ਓਏ! ਸੂਰ ਦਿਆ ਪੁੱਤਾ!!" ਗੇਟ 'ਚ ਖੜੋਤਾ ਸਿਪਾਹੀ ਅੰਦਰ ਆ ਕੇ ਬਰਾਂਡੇ ਵਿਚ ਮੇਰੇ ਕੋਲ ਬੈਠੇ ਤੇ ਮੇਰੇ ਨਾਲ ਗੱਡੀ 'ਚ ਲਿਆਂਦੇ ਸ਼ਰਾਬੀ ਦੀ ਵੱਖੀ ਵਿਚ ਰਾਈਫ਼ਲ ਦੀ ਹੁੱਧ ਮਾਰ ਕੇ ਪੁੱਛਦਾ ਹੈ।

"ਜੀ ਮੱਖਣ ਸੂੰਹ!" ਸ਼ਰਾਬੀ ਨੇ ਆਪਣਾ ਨਾਮ ਦੱਸਿਆ ਹੈ।

"ਸਾਲਾ ਮੱਖਣ ਸਿਹੁੰ ਦਾ! ਸਾਲਿਆ ਸ਼ੀਸ਼ੇ 'ਚ ਆਪਣਾ ਮੂੰਹ ਤਾਂ ਦੇਖ! ਜਿੱਦਾਂ ਸੁਆਹ 'ਚ ਪੱਦ ਮਾਰਿਆ ਹੁੰਦਾ! ਬੁੜ੍ਹੇ ਬੁੜ੍ਹੀ ਨੇ ਕਿਤੇ ਵੇਰਾਂ 'ਚ ਈ ਬਣਾਇਆ ਹੋਣਾ!" ਸਿਪਾਹੀ ਉਹਦੇ ਵਲ ਜਿਵੇਂ ਨਫ਼ਰਤ ਨਾਲ ਵੇਖ ਕੇ ਆਖਦਾ ਹੈ।

"ਤੂੰ ਦੱਸ ਓਏ! ਮਾਂ ਦਿਆ ਖਸਮਾਂ ਤੂੰ ਕੌਣ ਆ? ਕਿੱਦਾਂ ਆਇਆ ਅੱਜ ਜੁਆਈਆਂ ਅਲ।" ਸਿਪਾਹੀ ਮੱਖਣ ਨੂੰ ਛੱਡ ਕੇ ਅਮਲੀ ਦੁਆਲੇ ਹੋ ਗਿਆ ਹੈ। ਪਰ ਅਮਲੀ ਨੂੰ ਜਿਵੇ ਉਸਦੀ ਗੱਲ ਸੁਣੀ ਨਹੀਂ ਹੈ, ਜਾਂ ਸ਼ਾਇਦ ਉਸਦਾ ਅਮਲ ਟੁੱਟਿਆ ਹੋਇਆ ਹੈ, ਉਹ ਗੋਡਿਆਂ ਵਿਚ ਸਿਰ ਦੇ ਕੇ ਊਂਘ ਬੈਠਾ ਹੈ। ਸਿਪਾਹੀ ਨੇ ਆਪਣੇ ਭਾਰੇ ਬੂਟ ਦੀ ਇਕ ਠੁੱਡ ਪੂਰੇ ਜ਼ੋਰ ਨਾਲ ਉਸਦੀਆਂ ਕਪਾਹ ਛਿਟੀ ਵਰਗੀਆਂ ਪਤਲੀਆਂ ਤੇ ਕਾਲੀਆਂ ਲੱਤਾਂ ਵਿਚ ਮਾਰੀ ਹੈ ਤੇ ਦਬਕਾ ਮਾਰਨ ਵਾਂਗ ਆਖਿਆ ਹੈ — "ਉੱਠ ਤਾਂ ਓਏ ਕੁੱਤੇ ਦਿਆ ਬੀਆਂ!"

"ਨਾ ਮਾਰੋ ਸਰਕਾਰ ਗਰੀਬ ਨੂੰ! ਮੈਂ ਗ਼ਰੀਬ ਮਾਰਿਆ ਜਾਊਂ! ਮੈਂ ਤਾਂ ਕਾਲੀ ਗਊ ਆਂ!! ਤੁਸੀਂ ਮਾਈ ਬਾਪ ਆਂ, ਮੇਰੇ 'ਤੇ ਤਰਸ ਕਰੋ।" ਅਮਲੀ ਇੱਕੋ ਸਾਹੇ ਸਿਪਾਹੀ ਦੇ ਪੈਰ ਫੜ ਕੇ ਤਰਲੇ ਕਰਨ ਲੱਗ ਪਿਆ ਹੈ।

"ਸਾਲਿਆ ਤਰਸ ਦਿਆ, ਤੇਰੇ ਅਸੀਂ ਆਹ ਰੰਫਲ ਹੇਠ ਦੀਂ ਨਘਾ ਕੇ ਉਪਰ ਦੀਂ ਕੱਢਣੀ ਆ, ਤੂੰ ਰਤਾ ਕ ਅਟਕ! ਵੇਖੀਂ ਸਟੀ ਏਥੇ ਬਣਦਾ ਕੀ ਆ? ਉੱਠ ਤਾਹਾਂ!" ਸਿਪਾਹੀ ਅਮਲੀ ਨੂੰ ਰਾਈਫ਼ਲ ਵਿਖਾ ਕੇ ਆਖਦਾ ਹੈ ਤੇ ਇਕ ਠੁੱਡ ਹੋਰ ਉਹਦੀ ਵੱਖੀ ਵਿਚ ਮਾਰ ਦਿੰਦਾ ਹੈ।

ਸਿਪਾਹੀ ਦੇ ਪਿਓ ਦੀ ਉਮਰ ਦਾ ਅਮਲੀ ਉਹਦੀ ਠੁੱਡ ਦੇ ਦਰਦ ਨਾਲ ਦੋਹਰਾ ਹੋ ਗਿਆ ਹੈ. ਪਲ ਦੋ ਪਲ ਲਈ ਉਹ ਪੀੜ ਨਾਲ ਇਕੱਠਾ ਜਿਹਾ ਹੋਇਆ ਰਹਿੰਦਾ ਹੈ ਤੇ ਫੇਰ ਗੋਡਿਆਂ 'ਤੇ ਹੱਥ ਰੱਖ ਕੇ ਉੱਠਦਾ ਹੈ, ਤੇ ਸਿੱਧਾ ਖੜ੍ਹਾ ਹੋਣ ਲਗਦਾ ਹੈ। ਪਰ ਸਿਪਾਹੀ ਫੇਰ ਉਹਦੇ ਸਿਰ ਵਿਚ ਘਸੁੰਨ ਮਾਰ ਕੇ ਆਖਦਾ ਹੈ — "ਬੈਠ ਓਏ! ਬੈਠ ਥੱਲੇ!! ਸਾਲਿਆ ਬੁੜ੍ਹਿਆਂ ਦਿਆ।"

ਅਮਲੀ ਬਹਿਣ ਲੱਗਾ ਤਾਂ ਸਿਪਾਹੀ ਨੇ ਮੁੜ ਉਹਦੇ ਚਿਤੜਾਂ 'ਤੇ ਬੂਟ ਦੀ ਠੁੱਡ ਮਾਰ ਕੇ ਆਖਿਆ ਹੈ — "ਉੱਠ

ਤਾਹਾਂ !!"

ਤੇ ਫੇਰ ਇਉਂ ਲਗਾਤਾਰ ਸਿਪਾਹੀ ਅਮਲੀ ਦੀਆਂ ਬੈਠਕਾਂ ਕਢਾਉਣ ਲੱਗ ਪਿਆ ਹੈ, ਜਾਪਦਾ ਹੈ ਜਿਵੇਂ ਜਿਵੇਂ ਉਹ ਅਮਲੀ ਦੀਆਂ ਬੈਠਕਾਂ ਕਢਾਈ ਜਾ ਰਿਹਾ ਹੈ, ਉਹਨੂੰ ਨਸ਼ਾ ਵੱਧ ਤੋਂ ਵੱਧ ਚੜ੍ਹਦਾ ਜਾ ਰਿਹਾ ਹੈ, ਸਿਪਾਹੀ ਆਪਣੀ ਪੀਤੀ ਹੋਈ ਸ਼ਰਾਬ ਨੂੰ ਸ਼ਾਇਦ ਅੰਦਰ ਬਹਾਲੇ ਬੰਦਿਆ 'ਤੇ ਖੇੜਨ ਵਲੋਂ ਖੁੰਝਣਾ ਨਹੀਂ ਚਾਹੁੰਦਾ, ਅੰਦਰ ਬੈਠੇ ਬੰਦਿਆਂ 'ਤੇ ਸਰਦਾਰੀ ਦਾ ਤੇ ਸ਼ਰਾਬ ਦਾ, ਦੋਵੇਂ ਨਸ਼ੇ ਰਲ ਗਏ ਹਨ ਤੇ ਸਿਪਾਹੀ ਨੂੰ ਆਪਣੀ ਡੀਊਟੀ ਦਾ ਜਿਵੇਂ ਖ਼ਿਆਲ ਹੀ ਭੁੱਲ ਗਿਆ ਹੈ।

ਅਚਾਨਕ ਹੀ ਸਿਪਾਹੀ ਨੂੰ ਸ਼ਾਇਦ ਡੀਊਟੀ ਦਾ ਖ਼ਿਆਲ ਆ ਗਿਆ ਹੈ ਤੇ ਉਹ ਗੇਟ ਵਲ ਚਲੇ ਗਿਆ ਹੈ, ਪਰ ਗੇਟ ਵਿਚ ਕੁਝ ਪਲ ਖਲੋ ਕੇ ਉਹ ਫੇਰ ਵਾਪਸ ਮੁੜ ਆਇਆ ਹੈ ਤੇ ਮੇਰੇ ਵਲ ਮੂੰਹ ਕਰਕੇ ਪੁੱਛਦਾ ਹੈ—"ਤੂੰ ਕੌਣ ਆਂ ਓਏ !"

"ਮੇਰਾ ਨਾਂ ਆ ਮੋਣੂ ਸਿੰਘ, ਗੁਨਾਹ ਨ੍ਹੀ ਮੈਂ ਕੀਤਾ ਕੋਈ ਵੀ ! ਸਵੇਰੇ ਐਸ. ਪੀ. ਨੇ ਔਣਾਂ ਤੇ ਮੈਨੂੰ ਤਾਂ ਇਥੇ ਲਿਆਂਦਾ ਪਿੰਡ ਮੇਰਾ ਚੱਕ ਆ। ਜੋ ਕੁਝ ਮੈਨੂੰ ਪੁੱਛਣੈ ਇਕੋ ਆਹੀ ਪੁਛ ਲੋ !!" ਮੈਂ ਰਤਾ ਦਿਲ ਹਾਠਾ ਕਰਕੇ ਆਖ ਦਿੰਦਾ ਹਾਂ, ਇੱਥੇ ਲੜਿਆਂ ਵੀ ਨਹੀਂ ਸਰਨਾ ਤੇ ਥੱਲੇ ਪੈ ਕੇ ਰੀਂਅ ਰੀਂਅ ਕੀਤਿਆਂ ਵੀ ਨੁਕਸਾਨ ਹੀ ਹੋਣਾ ਹੈ।

ਸਿਪਾਹੀ ਨੇ ਮੇਰੀ ਗੱਲ ਦੇ ਜਵਾਬ ਵਿਚ ਆਖਿਆ ਤਾਂ ਕੁਝ ਨਹੀਂ ਪਰ ਮੇਰੇ ਵਲ ਲਗਾਤਾਰ ਅੱਖਾਂ ਅੱਡ ਕੇ ਪਾੜਖਾਣੀ ਨਿਗਾਹ ਨਾਲ ਵੇਖੀ ਜਾ ਰਿਹਾ ਹੈ।

"ਤੁਸੀਂ ਓਏ ! ਕੁਨਸਲ ਦਿਓ ਤੁਖਮੋ ! ਬਾਹਾਂ ਤਾਹਾਂ ਨੂੰ ਖੜ੍ਹੀਆਂ ਕਰਕੇ ਸਾਰੇ ਹੋਵੋ ਖੜੇ !" ਸਿਪਾਹੀ ਮੇਰੇ ਵਲੋਂ ਹਟ ਕੇ ਬਾਕੀ ਸਾਰਿਆਂ ਵਲ ਮੂੰਹ ਕਰਕੇ ਆਖਦਾ ਹੈ। ਤੇ ਉਹ ਸਾਰੇ ਬਾਹਾਂ ਉੱਪਰ ਨੂੰ ਸਿੱਧੀਆਂ ਖੜ੍ਹੀਆਂ ਕਰਕੇ, ਖੜ੍ਹ ਗਏ ਹਨ। ਜਿਵੇਂ ਹੁਕਮ ਦੇ ਗੋਲੇ ਹੋਣ, ਮੈਨੂੰ ਇਨ੍ਹਾਂ ਸਾਰੇ ਬੰਦਿਆਂ 'ਤੇ ਡਾਢਾ ਹੀ ਤਰਸ ਆ ਰਿਹਾ ਹੈ ਪਰ ਮੈਂ ਇਨ੍ਹਾਂ ਵਾਸਤੇ ਕਰ ਕੁਝ ਨਹੀਂ ਸਕਦਾ।

ਸਿਪਾਹੀ ਇਨ੍ਹਾਂ ਸਾਰਿਆਂ ਨੂੰ ਇਸੇ ਹਾਲਤ ਵਿਚ ਤਣੀਆਂ ਬਾਹਾਂ ਨਾਲ ਖੜੋਤੇ ਛੱਡ ਕੇ ਗੇਟ ਵਿਚ ਆਪਣੀ ਡੀਊਟੀ 'ਤੇ ਜਾ ਕੇ ਖੜ੍ਹ ਗਿਆ ਹੈ।

ਇਕ ਬੰਦੇ ਦੀਆਂ ਬਾਹਾਂ ਰਤਾ ਕੁ ਥੱਲੇ ਨੂੰ ਲਿਫ ਗਈਆਂ ਹਨ, ਸਿਪਾਹੀ ਨੇ ਫੁਰਤੀ ਨਾਲ ਆ ਕੇ ਤੇ ਖਿੱਚ ਕੇ ਇਕ ਚੁਪੇੜ ਉਹਦੇ ਮੂੰਹ 'ਤੇ ਮਾਰੀ ਹੈ ਤੇ ਉਹਦੇ ਸਿਰ 'ਤੇ ਲਪੇਟਿਆ ਸਾਫਾ ਦੂਰ ਪਰੇ ਜਾ ਡਿਗਿਆ ਹੈ, ਬਾਕੀ ਸਾਰੇ ਉਸ ਦੇ ਉੱਝ ਬਾਹਾਂ ਸਿੱਧੀਆਂ ਕਰਕੇ ਖ਼ਾਮੋਸ਼ ਖੜੋਤੇ ਹਨ, ਅਣਮਿੱਥੇ ਸਮੇਂ ਲਈ !

ਮੈਨੂੰ ਨੀਂਦਰ ਨੇ ਘੇਰ ਲਿਆ ਹੈ ਤੇ ਬਾਹਾਂ ਖੜ੍ਹੀਆਂ ਕਰਕੇ ਖਲੋਤੇ ਬੰਦਿਆਂ ਦਾ ਦਰਦਨਾਕ ਸੀਨ ਮੇਰੀਆਂ ਅੱਖਾਂ ਵਿਚ ਹੀ ਡੁੱਬ ਗਿਆ ਹੈ।

ਸਵੇਰੇ ਵੇਲੇ ਸਿਰ ਹੀ, ਰੌਲੇ ਜਿਹੇ ਨਾਲ ਮੇਰੀ ਜਾਗ ਖੁੱਲ੍ਹ ਗਈ ਹੈ। ਸਫੈਦ ਕੱਪੜਿਆਂ ਵਿਚ ਇਕ ਪੁਲਿਸ ਵਾਲਾ ਫੜ੍ਹ ਕੇ ਲਿਆਂਦੇ ਹੋਏ ਬੰਦਿਆਂ 'ਤੇ ਵਰ੍ਹ ਰਿਹਾ ਹੈ — "ਓਏ ਭੈਣ ਦੇ ਯਾਰੋ ਬਦਮਾਸ਼ੋ ! ਰਾਤ ਥੋਡੇ 'ਚੋਂ ਕੇੜ੍ਹਾ ਆਹ ਆਪਣੀ ਬੁੜ੍ਹੀ ਛੋਡਿਆਂ ਦੀ ਬੋਰੀ ਖੋਲ੍ਹ ਕੇ ਡੋਡੇ ਪੀ ਗਿਆ ?"

"ਅਸੀਂ ਤਾਂ ਜੀ ਡੋਡੇ ਪੀਂਦੇ ਨ੍ਹੀ !" ਸ਼ਰਾਬੀ ਉਹਦੇ ਵਲ ਹੱਥ ਜੋੜ ਕੇ ਆਖਦਾ ਹੈ।

"ਅਸੀਂ ਤਾਂ ਜੀ ਡੋਡੇ ਪੀਂਦੇ ਨ੍ਹੀ !" ਪੁਲਿਸ ਵਾਲਾ ਸ਼ਰਾਬੀ ਦੀ ਨਕਲ ਜਿਹੀ ਲਾ ਕੇ ਆਖਦਾ ਹੈ — "ਹੋਰ ਥੋਡਾ ਜੁਆਈ ਕੌਣ ਪੀ ਗਿਆ ? ਸਾਲਿਓ ਮੈਂ ਥੋਡੇ ਚਿਤੜਾਂ 'ਚ ਡੰਡਾ ਦੇ ਕੇ ਥੋਡੇ ਅੰਦਰੋਂ ਕੱਢ ਕੇ ਦਖਾਲ ਦੇਣੇ ਆਂ !"

"ਅਸੀਂ ਜੀ ਭਲਾ ਸਰਕਾਰ ਦੇ ਘਰ ਆ ਕੇ ਚੋਰੀ ਕਰ ਸਕਦੇ ਆਂ !" ਅਮਲੀ ਸ਼ਾਇਦ ਏਸ ਪਾਲੇ ਦਾ ਮਾਰਿਆ ਆਖਦਾ ਹੈ ਕਿ ਡੋਡੇ ਕੱਢਣ ਦਾ ਜੁਰਮ ਮੇਰੇ ਨਾਂ ਹੋ ਜਾਵੇ।

"ਤੁਸੀਂ ਸਾਲਿਓ ਸੰਤ ਆਂ ? ਤੁਸੀਂ ਸਾਰੇ ਦਸ ਨੰਬਰੀਏ 'ਕਠੇ ਹੋਇਓ ਆਂ ! ਬੰਦੇ ਦੇ ਪੁੱਤ ਬਣ ਕੇ ਦੱਸ ਦਿਓ ਇਹ ਕੇਦ੍ਹਾ ਕੰਮ ਆਂ ? ਨਹੀਂ ਤਾਂ ਖੰਭੇ 'ਤੇ ਚਾੜ੍ਹ ਕੇ ਬਿਜਲੀ ਦੀ ਤਾਰ ਆਂਗੂ ਖਿੱਚ੍ਹ ਕੇ ਸਭ ਵਲ ਵਿੰਗ ਕੱਢ ਕੇ ਸਿੱਧੇ ਕਰਨ ਦੀ ਜਾਚ ਸਾਨੂੰ ਔਂਦੀ ਆ।" ਪੁਲਿਸ ਵਾਲਾ ਆਪਣੇ ਬੋਲਾਂ ਵਿਚ ਗੁੱਸੇ ਨੂੰ ਹੋਰ ਵੀ ਤੇਜ਼ ਕਰਕੇ ਆਖਦਾ ਹੈ ਤੇ ਧਾਕ ਵਿਚ ਲੱਗੀ ਡੋਡਿਆਂ ਦੀ ਖੁੱਲ੍ਹੀ ਹੋਈ ਬੋਰੀ ਦਾ ਮੂੰਹ ਬੰਨ੍ਹਣ ਲੱਗ ਪੈਂਦਾ ਹੈ।

"ਓਏ ! ਇਹ ਸ਼ਰਾਰਤ ਕਿਤੇ ਤੇਰੀ ਤ ਨ੍ਹੀਂ ? ਇਨ੍ਹਾਂ ਨੂੰ ਤੂੰ ਤਨੀਂ ਰਾਤ ਕੱਢ ਕੱਢ ਡੋਡੇ ਪਲਾਈ ਗਿਆ। ਤੇਰੇ ਅਰਗੇ ਉਤੋਂ ਚੰਗੇ ਭਲੇ ਲਗਦੇ ਬੰਦੇ ਵਿਚੋਂ ਸ਼ਰਾਰਤ ਦੀ ਜੜ੍ਹ ਹੁੰਦੇ ਆ !" ਡੋਡੇ ਸੰਭਾਲਣ ਵਾਲਾ ਪੁਲਸੀਆ ਬਾਕੀਆਂ ਵਲੋਂ ਹਟ ਕੇ ਮੇਰੇ ਵਲ ਮੂੰਹ ਕਰਕੇ ਪੁੱਛਦਾ ਹੈ।

ਏਸ ਤੋਂ ਪਹਿਲਾਂ ਕਿ ਮੈਂ ਕੋਈ ਜਵਾਬ ਦੇਵਾਂ ਇਕ ਸਿਪਾਹੀ ਉਸਨੂੰ ਦਸਦਾ ਹੈ — "ਮੋਣੂ ਸਿਆਂ ਕਾਹਨੂੰ ਖਪੀ ਜਾਨਾਂ ! ਬੰਦਾ ਕੁਬੰਦਾ ਤਾਂ ਦੇਖ ਲਿਆ ਕਰ !! ਇਹ ਸਰਦਾਰ ਪੱੜ੍ਹਿਆ ਲਿਖਿਆ ਬੰਦਾ, ਭਲਾ ਤੈਨੂੰ ਏਦਾਂ ਦੇ ਕੰਮ ਕਰਨ ਆਲਾ ਲਗਦਾ ? ਡੋਡੇ ਤਾਂ ਰਾਤ ਮੁਣਸ਼ੀ ਕਰਮ ਚੰਦ ਕੱਢ ਕੇ ਲੈ ਗਿਆ ਸੀ।"

"ਉਸ ਕੰਜਰ ਦੇ ਪੁੱਤ ਨੂੰ ਕਿੰਨੇ ਕਿਹਾ ਸੀ ਡੋਡੇ ਕੱਢਣ ਨੂੰ ?" ਪੁਲਿਸ ਵਾਲੇ ਦੇ ਬੋਲਾਂ ਵਿਚ ਗਰਮੀ ਨਹੀਂ ਘਟੀ ਤੇ ਉਹ ਮੁਣਸ਼ੀ 'ਤੇ ਵੀ ਆਪਣਾ ਗੁੱਸਾ ਝਾੜਨ ਲੱਗ ਪਿਆ ਹੈ।

"ਕੈਣ੍ਹਾਂ ਓਥੇ ਕਿੰਨੇ ਸੀ ! ਰਾਤ ਕੋਈ ਸ਼ਕਾਰ ਟਕਰਿਆ ਨ੍ਹੀਂ ਸ਼ਰਾਬ ਕਿਤਿਓਂ ਮਿਲੀ ਨਾ, ਮਰਦੇ ਜਾਂਦੇ ਨੇ ਡੋਡਿਆਂ ਨਾਲ ਡੰਗ ਟਪਾ ਲਿਆ।" ਸਿਪਾਹੀ ਡੋਡਿਆ ਵਾਲੇ ਪੁਲਿਸੀਏ ਨੂੰ ਅੰਦਰਲੀ ਅਸਲੀ ਗੱਲ ਦਸਦਾ ਹੈ।

ਚਿੱਟੇ ਕੱਪੜਿਆਂ ਵਾਲਾ ਪੁਲਸੀਆ ਰਤਾ ਠੰਢਾ ਹੋ ਗਿਆ ਤੇ ਫੜ ਕੇ ਬਹਾਲੇ ਗਏ ਬੰਦਿਆਂ ਵਲ ਮੂੰਹ ਕਰਕੇ ਰਤਾ ਨਰਮ ਲਹਿਜੇ ਵਿਚ ਆਖਦਾ ਹੈ, "ਉੱਠੋ ਓਏ ! ਔਹ ਪਈਆਂ ਬਾਲਟੀਆਂ, ਚੱਕ ਕੇ ਨਲਕੇ ਤੋਂ ਪਾਣੀ ਲਿਆ ਕੇ ਵੇਹੜੇ 'ਚ ਚੰਗੀ ਤਰ੍ਹਾਂ ਛਿੜਕਾਅ ਕਰੋ।"

ਅਮਲੀ ਨੂੰ ਛੱਡ ਕੇ ਬਾਕੀ ਸਾਰੇ ਨਲਕੇ 'ਤੋਂ ਪਾਣੀ ਲਿਆ ਲਿਆ ਕੇ ਵਿਹੜੇ ਵਿਚ ਛਿੜਕਾਅ ਕਰਨ ਲੱਗ ਪਏ ਹਨ, ਅਮਲੀ ਦਾ ਸ਼ਾਇਦ ਅਮਲ ਟੁੱਟਿਆ ਹੋਇਆ ਹੈ।

ਇਕ ਏ. ਐਸ. ਆਈ. ਥਾਣੇਦਾਰ ਤੇ ਮੁਣਸ਼ੀ ਅੰਦਰ ਆਏ ਹਨ ਤੇ ਦਫ਼ਤਰ ਦੇ ਸਾਹਮਣੇ ਧੁੱਪੇ ਮੇਜ਼ ਦੁਆਲੇ ਕੁਰਸੀਆਂ ਲਵਾ ਕੇ ਬਹਿ ਗਏ ਹਨ। ਦਫ਼ਤਰ ਦਾ ਕਾਗ਼ਜ਼ ਪੱਤਰ ਉਲਟਾ ਪੁਲਟਾ ਕੇ ਵੇਖ ਰਹੇ ਹਨ ਤੇ ਵਿਚ ਕੁਝ ਲਿਖ ਵੀ ਰਹੇ ਹਨ।

"ਕੱਲ ਰੇਲਵੇ ਰੋਡ ਵਾਲਾ ਜੇੜ੍ਹਾ ਬੰਦਾ ਐਪਲੀਕੇਸ਼ਨ ਦੇ ਕੇ ਗਿਆ ਸੀ, ਜਨਾਬ ! ਗੇਟ 'ਤੇ ਆਇਆ ਖੜ੍ਹਾ, ਕਹੋ ਤਾਂ

ਅੰਦਰ ਭੇਜ ਦਿਆਂ।" ਸੰਤਰੀ ਗੇਟ ਤੋਂ ਆ ਕੇ ਥਾਣੇਦਾਰ ਨੂੰ ਪੁੱਛਦਾ ਹੈ।

"ਨਹੀਂ! ਓਨੂੰ ਜ਼ਰਾ ਓਥੇ ਈ ਅਟਕਾਅ!" ਥਾਣੇਦਾਰ ਨੇ ਸੰਤਰੀ ਨੂੰ ਕਿਹਾ ਹੈ।

"ਏਸ ਕੇਸ ਦਾ ਚੌਧਰੀ ਕਿੱਦਾਂ ਕਰੀਏ?" ਥਾਣੇਦਾਰ ਮੁਣਸ਼ੀ ਦੀ ਸਲਾਹ ਪੁੱਛਦਾ ਹੈ।

"ਕੱਲ੍ਹ ਥੁਆਡੇ ਜਾਣ ਤੋਂ ਬਾਅਦ ਜਿੱਦਾਂ ਤੁਸੀਂ ਕੇਹਾ ਸੀ ਮੈਂ ਸਰਦਾਰ ਸੁੱਚਾ ਸਿਹੁੰ ਨੂੰ ਸੁਨੇਹਾ ਭੇਜ ਕੇ ਏਥੇ ਸੱਦਿਆ ਸੀ।" ਮੁਣਸ਼ੀ ਥਾਣੇਦਾਰ ਨੂੰ ਦੱਸਦਾ ਹੈ।

"ਫੇਰ?" ਥਾਣੇਦਾਰ ਜਿਵੇਂ ਉਤਾਵਲਾ ਹੋ ਕੇ ਪੁੱਛਦਾ ਹੈ।

"ਫੇਰ ਕੀ? ਚਿੱਟਾ ਮੁੱਕਰ ਗਿਆ, ਕੈਂਦਾ, ਮੈਂ ਗਰੀਬੂ ਦੇ ਘਰ ਕੋਲ ਦੀ ਲੰਘਿਆ ਜ਼ਰੂਰ ਸੀ, ਨਾ ਮੈਂ ਓਦੀ ਕੁੜੀ ਨੂੰ ਕੁਛ ਕਿਹਾ, ਨਾ ਗਰੀਬੂ ਨੂੰ ਹੱਥ ਲਾਇਆ, ਪਰ ਕੀਤਾ ਓਦਾਂ ਉਨ ਸਭ ਕੁਛ ਆ, ਇਹ ਮੈਨੂੰ ਓਦੀਆਂ ਗੱਲਾਂ ਤੋਂ ਵੀ ਪਤਾ ਲਗ ਗਿਆ ਤੇ ਬਾਹਰੋਂ ਵੀ ਮੈਂ ਉਡਦਾ ਉਡਦਾ ਪਤਾ ਕਰ ਲਿਆ।" ਮੁਣਸ਼ੀ ਨੇ ਸੁੱਚਾ ਸਿੰਘ ਦੇ ਕੇਸ ਬਾਰੇ ਜੋ ਕੁਝ ਉਸਨੇ ਪੜਤਾਲ ਕੀਤਾ ਹੈ ਥਾਣੇਦਾਰ ਨੂੰ ਵਿਸਥਾਰ ਨਾਲ ਦੱਸ ਦਿੱਤਾ ਹੈ।

"ਪਰ ਗੱਲ ਤਾਂ ਚੌਧਰੀ ਜੀ ਇਹ ਆ ਪਈ ਸੁੱਚਾ ਸਿਹੁੰ ਆਪਣਾ ਬੰਦਾ ਆ ਪੱਕਾ! ਹਬੀ ਨਬੀ ਵੇਲੇ ਕੰਮ ਔਂਦਾ, ਜੇ ਆਪਣੇ ਬੰਦੇ ਮੁਸ਼ਕਲ 'ਚ ਫਸੇ ਹੋਣ ਤੇ ਅਸੀਂ ਗ਼ਲਤ ਸਹੀ ਦੇਖਣ ਲੱਗ ਪਈਏ ਤਾਂ 'ਗਾਹਾਂ ਨੂੰ ਕੋਈ ਪੁਲਿਸ ਨੂੰ ਮੂੰਹ ਲਾਊ?" ਥਾਣੇਦਾਰ ਪੁਲਿਸ ਵਾਲੇ ਦਾਅ ਪੇਚਾਂ ਨੂੰ ਸਾਹਮਣੇ ਰੱਖ ਕੇ ਆਪਣੇ ਅੰਦਰ ਦੀ ਗੱਲ ਮੁਣਸ਼ੀ ਨੂੰ ਦੱਸਦਾ ਹੈ।

"ਗੱਲ ਤਾਂ ਸਰਦਾਰ ਜੀ ਇਹ ਆ ਪਈ ਸਾਤੋਂ ਪਰ੍ਹੇ ਪਰ੍ਹੇ ਸਾਲਾ 'ਕੱਲਾ ਈ ਕੱਚੀਆਂ ਪੂਣਾਂ ਫਰੋਲਣ ਡਿਆ! ਹੋਦਾਂ ਦੇ ਵੇਲੇ ਸਾਲਾ ਕਦੇ ਸਾਨੂੰ ਯਾਦ ਨੀਂ ਕਰਦਾ, ਜਦੋਂ ਫੇਅ ਅੜ ਜਾਂਦਾ ਫੇਰ ਸਾਡੇ ਅੱਗੇ ਪਾਲਤੂ ਕੁੱਤੀ ਆਂਗੂ ਪੂਛ ਹਲੌਂਦਾ ਫਿਰਦਾ, ਗੁੱਸਾ ਤਾਂ ਏਸ ਗੱਲ ਦਾ ਆ!" ਮੁਣਸ਼ੀ ਸੁੱਚਾ ਸਿੰਘ ਬਾਰੇ ਆਪਣੇ ਅੰਦਰ ਦੀ ਗੱਲ ਥਾਣੇਦਾਰ ਨੂੰ ਦੱਸਦਾ ਹੈ।

"ਏਦਾਂ ਦੇ ਵੇਲੇ ਸਾਲੇ ਨੂੰ ਪੋਲਾ ਜਿਆ ਹਲੂਣਾ ਦੇ ਲਿਆ ਕਰੀਏ! ਕੁਛ ਨਾ ਕੁਛ ਝੜੂ ਈ।" ਥਾਣੇਦਾਰ ਮੁਣਸ਼ੀ ਨੂੰ ਨਵੀਂ ਸਲਾਹ ਦਿੰਦਾ ਹੈ।

"ਕਲ ਓਦਾਂ ਮੈਂ ਮਾੜਾ ਜਿਆ ਧਰਕਾਇਆ ਤਾ ਦੋ ਬੱਗੇ ਫੜਾ ਗਿਆ!" ਮੁਣਸ਼ੀ ਥਾਣੇਦਾਰ ਨੂੰ ਭੇਦ ਭਰੀ ਗੱਲ ਦੱਸਦਾ ਹੈ।

'ਖ਼ੈਰ ਇਹ ਗੱਲਾਂ ਤਾਂ ਕੰਜਰ ਨਾਲ ਮਗਰੋਂ ਕਰ ਲਮਾਂਗੇ, ਪਹਿਲਾਂ ਓਦ੍ਹੇ ਦੁਆਲਿਓਂ ਬਮਾਰੀ ਤਾਂ ਲ੍ਹਾਈਏ!" ਥਾਣੇਦਾਰ ਮੁਣਸ਼ੀ ਨੂੰ ਸਮਝਾਉਂਦਾ ਹੈ ਤੇ ਬਾਹਰ ਖੜ੍ਹੇ ਬੰਦੇ ਨੂੰ ਅੰਦਰ ਭੇਜ ਦੇਣ ਵਾਸਤੇ ਸੰਤਰੀ ਨੂੰ ਇਸ਼ਾਰਾ ਕਰਦਾ ਹੈ।

ਮੈਲੇ ਤੇ ਪਾਟੇ ਹੋਏ ਕੱਪੜਿਆਂ ਵਾਲਾ ਇਕ ਮਾੜਚੂ ਜਿਹਾ ਬੰਦਾ ਡਰਦਾ ਡਰਦਾ ਆਉਂਦਾ ਹੈ।

"ਕੀਂਅ ਓਏ ਚੋਰਿਆ ਕੁੜੀ ਦਿਆ ਖ਼ਸਮਾਂ। ਭਲੇ-ਮਾਣਸਾਂ 'ਤੇ ਝੂਠੀਆਂ ਦਰਖ਼ਾਸਤਾਂ ਦਿੰਨਾਂ!! ਚਿਤੜਾਂ 'ਚ ਦੇ ਕੇ ਰੂਲ ਬਣਾਈਏ ਤੇਰਾ ਮੋਰ?" ਥਾਣੇਦਾਰ ਉਸਨੂੰ ਆਉਂਦੇ ਨੂੰ ਹੀ ਪੁਲਿਸੀਆਂ ਵਾਲਾ ਦਬਕਾ ਮਾਰ ਕੇ ਪੈਰਾਂ ਤੋਂ ਕੱਢਣ ਦੇ ਮੰਤਵ ਨਾਲ ਆਖਦਾ ਹੈ।

"ਦਰਖਾਸ ਮੇਰੀ ਝੂਠੀ ਜੀ ਕਿੱਦਾਂ ਵਾ? ਉਥੇ ਆ ਕੇ ਸਾਰੇ ਮੱਹਲੇ ਨੂੰ ਪੁੱਛ ਕੇ ਦੇਖ ਲੌ, ਸੁੱਚੇ ਨੇ ਮੇਰੀ ਧੀ ਦੀ ਇੱਜਤ ਨੂੰ ਹੱਥ ਪਾਇਆ, ਮੈਂ ਰੋਕਿਆ ਤਾਂ ਬੂਟ ਲਾਹ ਕੇ ਮੈਨੂੰ ਧੋਹੋ ਧੋਹ ਕੁੱਟਣ ਲੱਗ ਪਿਆ, ਸਾਰੇ ਲੋਕਾਂ ਨੇ ਦੇਖਿਆ! ਸ਼ਰਾਬ ਨਾ' ਰਜਿਆ ਪਿਆ ਸੀ, ਜੇ ਲੋਕ ਮੇਰਾ ਕਸੂਰ ਕੱਢਣ ਤਾਂ ਮੇਰੇ ਨੰਗੇ ਪਿੰਡੇ 'ਤੇ ਪਰ੍ਹੇ 'ਚ ਬਹਾਲ ਕੇ ਸੌ ਛਿੱਤਰ ਮਾਰਿਓ।" ਦਰਖ਼ਾਸਤ ਦੇਣ ਵਾਲਾ ਨਿਡੱਰ ਹੋ ਕੇ ਆਪਣੀ ਸਫ਼ਾਈ ਦੇਣ ਵਾਸਤੇ ਵਿਸਥਾਰ ਨਾਲ ਸਾਰੀ ਗੱਲ ਦੱਸਣ ਦਾ ਯਤਨ ਕਰਦਾ ਹੈ।

"ਲੋਕਾਂ ਦੀ ਮਾਂ ਨੂੰ ਜਾਂਹ! ਲੋਕ ਕੀ ਹੁੰਦੇ ਆ? ਜਿੱਦਾਂ ਦਾ ਤੂੰ ਕੰਜਰ ਆਂ ਓਦਾਂ ਦੇ ਲੋਕ ਆ, ਲੋਕ ਸਾਲੇ ਸਾਤੋਂ ਬੜੇ ਆ? ਇਨਕੁਆਰੀ ਅਸੀਂ ਕਰਦੇ ਹੁਨੇ ਆ! ਲੋਕ ਤਾਂ ਐਸ ਛਿੱਤਰ ਦੇ ਮੋਰੇ ਪਾਣੀ ਆਂਗੂ ਤੁਰੇ ਫਿਰਦੇ ਆਂ!" ਥਾਣੇਦਾਰ ਪੂਰੇ ਰੋਅਬ ਨਾਲ ਆਪਣੇ ਬੂਟ ਨੂੰ ਉਂਗਲ ਲਾ ਕੇ ਦਰਖ਼ਾਸਤ ਦੇਣ ਵਾਲੇ ਨੂੰ ਆਖਦਾ ਹੈ।

"ਜਨਾਬ ਅਸੀਂ ਇੱਜਤਦਾਰ ਬੰਦੇ ਫੇਰ ਘਰ ਛੱਡ ਕੇ ਕਿੱਥੇ ਚੱਲੇ ਜਾਈਏ?' ਦਰਖ਼ਾਸਤ ਦੇਣ ਵਾਲਾ ਹੱਥ ਜੋੜ ਕੇ ਪੁੱਛਦਾ ਹੈ, ਪਰ ਥਾਣੇਦਾਰ ਉਸਨੂੰ ਝਾੜ ਕੇ ਬਹਾਲ ਦੇਣ ਵਾਲੇ ਲਹਿਜੇ 'ਚ ਆਖਦਾ ਹੈ—"ਹੈੱਤ...! ਕੰਜਰ ਦਾ ਪੁਤ!" ਇੱਜਤ ਸਾਲਿਆ ਤੇਰੀ ਹੈ ਕਿੱਥੇ? ਛੋਕਰੀ ਤਾਂ ਸਾਲਿਆ ਤੇਰੀ ਵਾਧੂ ਹੋਈ ਫਿਰਦੀ ਆ! ਜਣੇ ਖਣੇ ਨਾਲ ਖੇਹ ਖਾਂਦੀ ਨੇ ਲੋਕਾਂ ਦੀਆਂ ਫ਼ਸਲਾਂ ਰੋਲ ਸੁੱਟੀਆਂ, ਆਪ ਤੂੰ ਓਸ ਭਲੇਮਾਣਸ 'ਤੇ ਆਪਣੇ ਘਰ ਅੱਗੇ ਲੰਘਦੇ 'ਤੇ ਹਮਲਾ ਕੀਤਾ, ਆਪੇ ਸੱਚਾ ਬਣਦਾਂ, ਅਸੀਂ ਤਾਂ ਦੁੱਧ ਪਾਣੀ ਛਾਂਟ ਦੇਈਦਾ, ਤੇਰੀ ਚਲਾਕੀ ਦੀ ਅਸੀਂ ਸਾਰੀ ਇਨਕੁਆਰੀ ਕਰ ਲਈ ਆ, ਹੁਣ ਤੂੰ ਛਿਤਰ ਖਾਣ ਲਈ ਤਿਆਰ ਹੋ।" ਥਾਣੇਦਾਰ ਉਸਦੇ ਅੰਦਰੋਂ ਮਾੜੀ ਮੋਟੀ ਅਣਖ ਝਾੜਨ ਦੇ ਮੰਤਵ ਨਾਲ, ਪਹਿਲਾਂ ਨਾਲੋਂ ਰਤਾ ਹੋਰ ਦਬਕਾ ਤੇਜ਼ ਕਰਕੇ ਆਖਦਾ ਹੈ।

"ਦੇਖ ਓਏ ਗਰੀਬੂ-ਸਾਲਿਆ ਤੇਰਾ ਕੇਸ ਝੂਠਾ ਤੇਰੇ 'ਤੇ ਬਿਆਸੀ ਬਣ ਜਾਣੀ ਆਂ, ਬੈਠਾ ਜੇਲ 'ਚ ਕਰਮਾਂ ਨੂੰ ਰੋਮੇਂਗਾ, ਓਥੇ ਤੀਹ ਪੈਸੇ ਦੀ ਤਾਂ ਦਿਨ 'ਚ ਮਿਲਦੀ ਆ ਰੋਟੀ!! ਗਿਠ ਗਿਠ ਲੰਮੀਆਂ ਓਥੇ ਜੂੰਆ ਦੀਆਂ ਪੂੱਛਾਂ, ਹੁਣ ਤੂੰ ਇੱਜਤ ਚੁਕੀ ਫਿਰਦਾਂ, ਪਿਛੋਂ ਧੇਲੇ ਧੇਲੇ ਦੇ ਬੰਦਿਆਂ ਨੇ ਤੇਰੀ ਕੁੜੀ ਨੂੰ ਖਿੱਚੀ ਫਿਰਨਾ, ਮੇਰੀ ਗੱਲ ਮੰਨ ਤੇ ਸਿੱਧੇ ਰਾਹੇ ਤੁਰ!" ਮੁਣਸ਼ੀ ਉੱਪਰੋਂ ਉੱਪਰੋਂ ਗਰੀਬੂ ਨਾਲ ਹਮਦਰਦੀ ਵਿਖਾਉਣ ਵਾਲੀ ਤੇ ਵਿਚੋਂ ਉਹਦਾ ਸੀਨਾ ਚੀਰਨ ਵਾਲੀ ਗੱਲ ਆਖ ਕੇ ਉਸਨੂੰ ਮੈਦਾਨ 'ਚੋਂ ਕੱਢਣ ਦਾ ਯਤਨ ਕਰਦਾ ਹੈ।

"ਹਜ਼ੂਰ ਤੁਸੀਂ ਮਾਈ ਬਾਪ ਆ! ਮੇਰੇ ਨਾਲ ਬੌਤ੍ਹ ਜ਼ੁਲਮ ਹੋਇਆ! ਜਿੱਦਾਂ ਵੀ ਹੋ ਸਕਦਾ ਮੇਰੀ ਮੱਦਤ ਕਰੋ! ਮੇਰੀ ਡੋਰ ਥੋਡੇ ਹੱਥ 'ਚ ਆ!" ਗਰੀਬੂ ਹੱਥ ਜੋੜ ਕੇ ਖੜ੍ਹ ਗਿਆ ਹੈ, ਉਹਦੇ ਬੋਲਾਂ ਵਿਚ ਪਹਿਲਾਂ ਵਾਲੀ ਦ੍ਰਿੜ੍ਹਤਾ ਤੇ ਵਿਸ਼ਵਾਸ ਨਹੀਂ ਰਿਹਾ, ਥਾਣੇਦਾਰ ਤੇ ਮੁਣਸ਼ੀ ਦੇ ਦਬਕਿਆਂ ਨਾਲ ਜਿਵੇਂ ਉਹ ਅੰਦਰੋਂ ਡੋਲ ਗਿਆ ਹੈ। ਉਹਦੇ ਮੈਲੇ ਜਿਹੇ ਕੁੜਤੇ ਦੇ ਪਾਟੇ ਹੋਏ ਲੰਗਾਰ ਵਿਚੋਂ ਉਹਦੇ ਕਾਲੇ ਪਿੰਡੇ 'ਤੇ ਉੱਭਰੀ ਹੋਈ ਲੂੰਈਂ ਸਪਸ਼ਟ ਨਜ਼ਰ ਆ ਰਹੀ ਹੈ, ਤੇ ਉਹਦੇ ਖੱਦਰ ਦੇ ਮੈਲੇ ਜਿਹੇ ਗੋਡਿਆਂ 'ਤੋਂ ਉੱਭਰੇ ਹੋਏ ਪਜਾਮੇ ਵਿਚ ਉਹਦੀਆਂ ਮਰੀਅਲ ਜਿਹੀਆਂ ਲੱਤਾਂ ਥਰ ਥਰ ਕੰਬ ਰਹੀਆਂ ਹਨ।

"ਖੜ੍ਹੇ ਦੇਖਦੇ ਕੀ ਆਂ ਓਏ ! ਲੰਮਾ ਪਾ ਕੇ ਏਦ੍ਹੀ ਸਾਲੇ ਪੱਦਬੇਰਣੇ ਜਏ੍ਹ ਦੀ ਸਫ਼ਾਈ ਕਰੋ !" ਥਾਣੇਦਾਰ ਨੇੜੇ ਹੀ ਬੋਹੜ ਦੇ ਥੜ੍ਹੇ ਕੋਲ ਖੜ੍ਹੇ ਸਿਪਾਹੀਆਂ ਨੂੰ ਆਖਦਾ ਹੈ ।

ਦੋ ਹੱਟੇ ਕੱਟੇ ਸਿਪਾਹੀ ਉਸਨੂੰ ਬਾਂਹਾਂ ਤੋਂ ਫੜ ਕੇ ਫ਼ਰਸ਼ 'ਤੇ ਢਿੱਡ ਪਰਨੇ ਲਿਟਾਉਣ ਲੱਗ ਪਏ ਹਨ, ਇਕ ਸਿਪਾਹੀ ਦੋ ਕੁ ਗਿੱਠ ਲੰਮਾ ਪਟਾ ਜਿਸ ਨੂੰ ਹੱਥ ਕੁ ਲੰਮਾ ਲਕੜੀ ਦਾ ਵੰਝਾ ਲੱਗਾ ਹੋਇਆ ਹੈ, ਅੰਦਰੋਂ ਕੱਢ ਲਿਆਇਆ ਹੈ, ਪਟੇ ਦੇ ਇਕ ਪਾਸੇ ਪੰਜਾਬੀ ਵਿਚ ਲਿਖਿਆ ਹੋਇਆ ਹੈ, "ਦੁੱਧ ਪੀ ਲੈ ਬਾਲਮਾਂ ਵੇ ਮੈਂ ਕਦੋਂ ਦੀ ਖੜ੍ਹੀ !" ਤੇ ਦੂਜੇ ਪਾਸੇ ਵੀ ਪੰਜਾਬੀ ਵਿਚ ਲਿਖਿਆ ਹੋਇਆ ਹੈ-"ਹੈਨ ਕਿਦਾਂ ਗੁਜ਼ਾਰੀ ਆਈ ਰਾਤ ਵੇ...।"

ਵੰਝੇ ਤੋਂ ਫੜ ਕੇ ਪੂਰੇ ਜ਼ੋਰ ਨਾਲ ਪਟਾ ਚਾਰ ਵਾਰ ਸਿਪਾਹੀ ਨੇ ਢਿਡ ਪਰਨੇ ਸਪਾਲ ਲੰਮੇ ਪਏ ਗਰੀਬੂ ਦੇ ਚਿੱਤੜਾਂ 'ਤੇ ਮਾਰਿਆ ਹੈ, ਗਰੀਬੂ ਦੀਆਂ ਲੇਰਾਂ ਨਿੱਕਲ ਗਈਆਂ ਹਨ, ਬੋਹੜ ਦੇ ਤਨੇ ਉੱਤੇ ਬੈਠੀਆਂ ਬਹੁਤ ਸਾਰੀਆਂ ਮੱਖੀਆਂ ਛਿੱਤਰਾਂ ਦਾ ਖੜਕਾ ਸੁਣ ਕੇ ਜਿਵੇਂ ਇੱਕੋ ਫਰਾਟੇ ਨਾਲ ਭੀਂਅ ਭੀਂਅ ਕਰਕੇ ਉਡ ਗਈਆਂ ਹਨ । ਮੇਰੇ ਕੋਲ ਬੈਠਾ ਅਮਲੀ, ਜਿਵੇਂ ਉਸਨੂੰ ਠੰਢ ਲੱਗ ਰਹੀ ਹੋਵੇ, ਹੋਰ ਵੀ 'ਕੱਠਾ ਜਿਹਾ ਹੋ ਕੇ ਬੈਠ ਗਿਆ ਹੈ, ਉਹਦਾ ਦਿਲ ਧੱਕ ਧੱਕ ਵੱਜਦਾ ਮੈਨੂੰ ਸਾਫ਼ ਸੁਣਾਈ ਦੇ ਰਿਹਾ ਹੈ ।

ਫੜ ਕੇ ਬਹਾਲੇ ਗਏ ਬਾਕੀ ਸਾਰੇ ਬੰਦੇ ਵੀ ਦਹਿਲ ਗਏ ਹਨ, ਉਨ੍ਹਾਂ ਦੇ ਗਲੇ ਜਿਵੇਂ ਖ਼ੁਸ਼ਕ ਹੋ ਗਏ ਹਨ ਤੇ ਜਾਪਦਾ ਹੈ ਉਹ ਸਾਰੇ ਵੀ ਆਪੋ ਆਪਣੀ ਵਾਰੀ ਦੀ ਉਡੀਕ ਕਰਨ ਲੱਗ ਪਏ ਹਨ ।

"ਵਾਅਖਰੂ ..!" ਸ਼ਰਾਬੀ ਜਿਵੇਂ ਉਬਾਸੀ ਨਾਲ ਇਕ ਲੰਮਾ ਠੰਢਾ ਸਾਹ ਭਰ ਕੇ ਆਪਣੇ ਅੰਦਰਲੇ ਡਰ ਨੂੰ ਬਾਹਰ ਨਿਕਲਣੋਂ ਬਚਾਉਂਦਾ ਹੈ ।

ਸਿਪਾਹੀ ਗਰੀਬੂ ਦੇ ਛਿੱਤਰ ਮਾਰ ਕੇ ਦਫ਼ਤਰ 'ਚ ਵੜ ਗਿਆ ਹੈ, ਗਰੀਬੂ ਥਾਂਏਂ ਬੈਠ ਕੇ ਆਪਣੇ ਜਾਂਘੀਏ ਦੀ ਲਾਂਗ ਵਰਗੀ ਖਸਤਾ ਜਿਹੀ ਪੱਗ ਦਾ ਲੜ ਆਪਣੀਆਂ ਅੱਖਾਂ 'ਤੇ ਰੱਖ ਕੇ ਹੁਬਕੀਂ ਹੁਬਕੀਂ ਰੋਣ ਲੱਗ ਪਿਆ ਹੈ ।

ਮੁਣਸ਼ੀ ਤੇ ਥਾਣੇਦਾਰ ਮੁੜ ਕਾਗ਼ਜ਼ਾਂ 'ਤੇ ਕੁਝ ਲਿਖਣ ਵਿਚ ਰੁੱਝ ਗਏ ਹਨ, ਛਿੱਤਰ ਮਾਰਨ ਵਾਲਾ ਸਿਪਾਹੀ ਮੁੜ ਦਫ਼ਤਰ 'ਚੋਂ ਬਾਹਰ ਆ ਕੇ ਗਰੀਬੂ ਦੀ ਪਿੱਠ ਵਿਚ ਆਪਣੇ ਬੂਟ ਦੀ ਠੁੱਡ ਮਾਰ ਕੇ ਆਖਦਾ ਹੈ— "ਚਲ ਓਏ ਉੱਠ ਭੈਣ ਦੇਣੀ ਦਿਆ ! ਔਥੇ ਚਲ ਕੇ ਬੈਠ !! ਹੈਥੇ ਸਾਲਿਆ ਰਾਮ ਨਾਂ' ਬਹਿ ਗਿਆਂ, ਜਿੱਦਾਂ ਚੂੜੇ ਆਲੀ ਦੇ ਪੱਟਾਂ 'ਚ ਬੈਠਾ ਹੁੰਨਾਂ ।"

ਤੇ ਗਰੀਬੂ ਹੰਭਿਆਂ ਵਾਂਗ ਉੱਠ ਕੇ ਫੜ ਕੇ ਲਿਆਂਦੇ ਗਏ ਬਾਕੀ ਬੰਦਿਆਂ ਵਿਚ ਜਾ ਕੇ ਬਹਿ ਗਿਆ ਹੈ ।

ਚਿੱਟੇ ਕੱਪੜਿਆਂ 'ਤੇ ਬਿਸਕੁਟੀ ਜਾਕਟ ਪਾਈ ਇਕ ਸਰਦਾਰ ਮਸਤ ਤੋਰੇ ਤੁਰਦਾ ਅੰਦਰ ਆਇਆ ਹੈ, ਮੁਣਸ਼ੀ ਦੇ ਅੱਗੇ ਡੱਠੇ ਮੇਜ਼ ਕੋਲ ਖੜ੍ਹ ਕੇ ਭਰਵੀਂ ਆਵਾਜ਼ ਵਿਚ ਆਖਦਾ ਹੈ — "ਵਹਿ-ਗੁਰ ਜੀ ਕਾ ਖਾਲਸਾ ! ਵਾਹਿਗੁਰ ਜੀ ਕੀ ਫਤਹਿ !!"

ਮੁਣਸ਼ੀ ਤੇ ਥਾਣੇਦਾਰ ਉਸ ਨੂੰ ਬੜੀ ਗਰਮ ਜੋਸ਼ੀ ਤੇ ਤਪਾਕ ਨਾਲ ਮਿਲੇ ਹਨ, ਸਰਦਾਰ ਦਾ ਰਸਮੀ ਜਿਹਾ ਹਾਲ ਚਾਲ ਪੁੱਛਣ ਤੋਂ ਬਾਅਦ ਥਾਣੇਦਾਰ ਉਸ ਵਲ ਮੂੰਹ ਕਰਕੇ ਤੇ ਗਰੀਬੂ ਵਲ ਇਸ਼ਾਰਾ ਕਰਕੇ ਆਖਦਾ ਹੈ —"ਸਰਦਾਰ ਸਾਬ੍ਹ ਥੁਆਡੇ ਪਾਸਿਓਂ ਔਹ ਇਕ ਜੋਕਰ ਆਇਆ ਬੈਠਾ, ਓਦ੍ਹਾ ਹਾਲ ਚਾਲ ਪੁੱਛ ਲੈਂਦੇ !"

ਸਰਦਾਰ ਨੇ ਡੂੰਘੇ ਗਹੁ ਨਾਲ ਗਰੀਬੂ ਵਲ ਵੇਖਿਆ ਹੈ ਤੇ ਫੇਰ ਜਿਵੇਂ ਦਿਮਾਗ਼ 'ਤੇ ਭਾਰ ਜਿਹਾ ਪਾ ਕੇ ਉਸ ਨੂੰ ਪਛਾਣਨ ਦਾ ਦਿਖਾਵਾ ਕਰਦਿਆਂ ਹੈਰਾਨੀ ਜਿਹੀ ਨਾਲ ਅਖਿਆ ਹੈ — "ਓਏ ਮੌਰ੍ਹੇ ਪੈਅ ਦਿਆ ! ਤੂੰ ਕਿਤੇ ਹੁਕਮੀਂ ਦਾ ਗਰੀਬੂ ਤਨੀਂ ? ਤੂੰ ਏਥ੍ਹੇ ਕਿੱਥੇ ਆ ਫਸਿਆਂ ?"

ਗਰੀਬੂ ਦੀ ਅਵਾਜ਼ ਜਿਵੇਂ ਉਹਦੇ ਭਰੇ ਹੋਏ ਗਲੇ ਵਿਚ ਹੀ ਰੁੱਧ ਕੇ ਰਹਿ ਗਈ ਹੈ ਤੇ ਉਸ ਤੋਂ ਕੁਝ ਵੀ ਬੋਲਿਆ ਨਹੀਂ ਗਿਆ ।

"ਇਹ ਸੌਰ੍ਹਾ ਕੌਮਨਿਸਟਾਂ ਦੇ ਹੁੱਕੇ ਚੁਕਾਏ ਸੁੱਚਾ ਸਿਹੁੰ 'ਤੇ ਕੇਸ ਖੜ੍ਹਾ ਕਰਨ ਤੁਰ ਪਿਆ ! ਏਨ੍ਹੂ ਇਹ ਨ੍ਹੀ ਪਤਾ ਪਈ ਤੇਰਾ ਤਾਂ ਕੇਸ ਸੁਧਾ ਝੂਠਾ, ਪੁਲਿਸ ਆਲੇ ਤਾਂ ਜੇ ਚੇਹਣ ਤਾਂ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਬਣਾ ਕੇ ਦਖਾਲ ਸਕਦੇ ਆ, ਤੇ ਕੋਈ ਸਾਲਾ ਉਨ੍ਹਾ ਦੀ ਹੋਮ ਨੀ ਹਲਾ ਸਕਦਾ, ਇਹ ਸਾਨੂੰ ਏਥੇ ਆ ਕੇ ਖੇਖਨ ਜੇ੍ਹ ਕਰ ਕਰ ਦਖਾਲਦਾ !" ਮੁਣਸ਼ੀ ਸਰਦਾਰ ਨੂੰ ਗਰੀਬੂ ਦੇ ਕੇਸ ਬਾਰੇ ਦੱਸਦਾ ਆਖਦਾ ਹੈ ।

ਸਰਦਾਰ ਮੁਣਸ਼ੀ ਦੀ ਗੱਲ ਸੁਣ ਕੇ ਗਰੀਬੂ ਨੂੰ ਬਾਹੋਂ ਫੜ ਕੇ ਪਰ੍ਹੇ ਲੈ ਗਿਆ ਹੈ, ਕਿੰਨਾ ਹੀ ਚਿਰ ਉਹ ਗਰੀਬੂ ਦੀਆਂ ਗੱਲਾਂ ਸੁਣਦਾ ਰਿਹਾ ਹੈ ਤੇ ਕਿੰਨਾ ਹੀ ਚਿਰ ਉਸਨੂੰ ਆਪਣੀਆਂ ਕੋਈ ਸਲਾਹਾਂ ਦਿੰਦਾ ਰਿਹਾ ਹੈ ।

ਕੁਝ ਚਿਰ ਬਾਅਦ ਸਰਦਾਰ ਗਰੀਬੂ ਨੂੰ ਬਾਹੋਂ ਫੜ ਕੇ ਥਾਣੇਦਾਰ ਤੇ ਮੁਣਸ਼ੀ ਦੀ ਮੇਜ਼ ਕੋਲ ਲੈ ਆਇਆ ਹੈ, ਗਰੀਬੂ ਨੇ ਗੁੱਛਾ ਮੁੱਛਾ ਕੀਤੇ ਹੋਏ ਨੋਟ ਸਰਦਾਰ ਦੀ ਮੁੱਠ ਵਿਚ ਦੇ ਦਿੱਤੇ ਹਨ ਤੇ ਸਰਦਾਰ ਨੇ ਮੁਣਸ਼ੀ ਦੇ ਸਾਹਮਣੇ ਮੇਜ਼ 'ਤੇ ਪਏ ਰਜਿਸਟਰ ਹੇਠ ਰੱਖ ਦਿੱਤੇ ਹਨ ।

"ਕੀਅ ਓਏ ਕੁੱਤਿਆਂ ਦਿਆ ਸਾਲਿਆ ? ਫੇਰ ਤਨੀਂ ਕਿਸੇ ਦੇ ਚੱਕੇ ਚੁਕਾਏ ਕਰੇਂਗਾ ਇਲਤ ਫਿਲਤ ? ਜੇ ਰੜਕ ਹੈਗੀ ਆ ਤਾਂ ਦੱਸਦੇ ! ਹੁਣੇ !!" ਥਾਣੇਦਾਰ ਦਬਕੇ ਨਾਲ ਗਰੀਬੂ ਦੇ ਅੰਦਰੋਂ ਸਵੈਮਾਣ ਨੂੰ ਚੰਗੀ ਤਰ੍ਹਾਂ ਧੋ ਕੇ ਹੀ ਉਸ ਨੂੰ ਛੱਡਣਾ ਚਾਹੁੰਦਾ ਹੈ ।

ਗਰੀਬੂ ਕੋਈ ਜਵਾਬ ਨਹੀਂ ਦਿੰਦਾ, ਬੱਸ ਆਪਣੇਂ ਹੱਥ ਕੰਨਾਂ ਨੂੰ ਛੁਹਾ ਕੇ ਜਿਵੇਂ ਸਦਾ ਸਦਾ ਲਈ ਹਾਰ ਮੰਨ ਲੈਂਦਾ ਹੈ ।

ਮੁਣਸ਼ੀ ਪਹਿਲਾਂ ਹੀ ਲਿਖ ਕੇ ਰੱਖਿਆ ਇਕ ਕਾਗ਼ਜ਼ ਸਰਦਾਰ ਨੂੰ ਫੜਾਉਂਦਿਆ ਆਖਦਾ ਹੈ — "ਆਹ ਲਓ ਜੀ ! ਰਾਜ਼ੀਨਾਵਾਂ ਤਾਂ ਲਿਖਾ ਕੇ ਕੱਲ੍ਹ ਦਾ ਰੱਖਿਆ ਹੋਇਆ, ਸੁੱਚਾ ਸਿਹੁੰ ਤਾਂ ਕੱਲ੍ਹੇ ਸਾਈਨ ਕਰਨ ਲਈ ਤਿਆਰ ਸੀ, ਇਹੋ ਈ ਨ੍ਹੀ ਆਇਆ, ਨਹੀਂ ਤਾਂ ਕੱਲ੍ਹ ਇਹ ਝੰਜਟ ਨਿਬੜ ਜਾਣਾ ਸੀ ।"

ਸਰਦਾਰ ਕਾਗ਼ਜ਼ ਮੁਣਸ਼ੀ ਤੋਂ ਫੜ ਕੇ ਗਰੀਬ ਸਾਹਮਣੇ ਰੱਖਦਿਆਂ ਆਖਦਾ ਹੈ — "ਲੈ ਬਈ ਗ਼ਰੀਬ ਦਾਸਾ ! ਲਾ 'ਗੂਠਾ ! ਅਸੀਂ ਤਾਂ ਬੜੇ ਬੜੇ ਅੜਿਓ ਝਗੜੇ ਨਬੇੜ ਦੇਈਏ, ਤੇਰੀ ਤਾਂ ਐਮੀ ਆ ਝਗੜੀ ਜ੍ਹੀ ! ਪਤਾ ਹੁੰਦਾ ਕੱਲ੍ਹ ਇਹ ਜੱਭ ਅਸੀਂ ਨਬੇੜ ਦੇਣਾ ਸੀ, ਐਮੀ ਝੂਠ ਬੋਲੀਏ ਸਾਨੂੰ ਤਾਂ ਗਰੀਬਾਂ ਨਾਲ ਦਿਲੀ ਹਮਦਰਦੀ ਆ ! ਸੁੱਚੇ ਦੇ ਵੀ ਭਲਕੇ ਮਹੀਓਂ ਦਸਖ਼ਤ ਕਰਾ ਕੇ ਦੇ ਜਾਊਂ, ਤੁਸੀਂ ਗਰੀਬੂ ਨੂੰ ਵੰਲ੍ਹਾ ਕਰੋ, ਇਹ ਵਚਾਰਾ 'ਕੱਲਾ ਕਾਰਾ ਬੰਦਾ ਜਾ ਕੇ ਪਸ਼ੂਆਂ ਨੂੰ ਪੱਠਾ ਦੱਥਾ ਪਾਵੇ ।"

ਆਪਣਾ ਅੰਗੂਠਾ ਰਾਜ਼ੀਨਾਵੇਂ ਵਾਲੇ ਕਾਗ਼ਜ਼ 'ਤੇ ਲਾ ਕੇ

ਗਰੀਬੂ ਇਉਂ ਬਾਹਰ ਨਿੱਕਲ ਰਿਹਾ ਹੈ ਜਿਵੇਂ ਨਹਕ ਦੀ ਸਜ਼ਾ ਭੁਗਤ ਕੇ ਨਿੱਕਲ ਰਿਹਾ ਹੋਵੇ । ਤੇਜ਼ ਚਾਲੇ ਤੁਰਦਾ ਗਰੀਬੂ ਗੇਟ ਕੋਲ ਪਹੁੰਚਿਆ ਹੈ, ਗੇਟ 'ਤੇ ਖੜੋਤੇ ਸੰਤਰੀ ਨੇ ਖਿੱਚ ਕੇ ਇਕ ਥੱਪੜ ਗਰੀਬੂ ਦੇ ਮੂੰਹ 'ਤੇ ਮਾਰਿਆ ਹੈ, ਉਹਦੀ ਲੀਰਾਂ ਹੋਈ ਪੱਗ ਲੱਥ ਕੇ ਗੇਟ ਤੋਂ ਬਾਹਰ ਜਾ ਡਿਗੀ ਹੈ ਤੇ ਆਪ ਉਹ ਘੁੰਮ ਕੇ ਡਿਗਦਾ ਡਿਗਦਾ ਮਸੀਂ ਬਚਿਆ ਹੈ ।

ਸਿਪਾਹੀ ਸਹਿਜੇ ਸਹਿਜੇ ਉਸਨੂੰ ਗਾਲ੍ਹਾਂ ਕੱਢੀ ਜਾ ਰਿਹਾ ਹੈ—"ਸਾਲਿਆ ਨਲੀ ਚੋਚੋ ਨ੍ਹਿਆ ! ਹੁਣ ਰਾਜ਼ੀਨਾਮਾਂ ਕਰਕੇ ਚਲੇ ਚੱਲਿਆਂ ਸਾਡੀ ਦੋ ਦਿਨ ਦੌੜ ਲੁਆ ਛੱਡੀ !! ਤੁਸੀਂ ਲੋਕ ਪੁਲਿਸ ਨੂੰ ਤਾਂ ਕੰਜਰੀ ਦੀਆਂ ਟੰਗਾਂ ਆਗੂ ਸਮਝਦੇ ਆਂ, ਪਈ ਜਨੂੰ ਜੀਅ ਕੀਤਾ ਘੁੰਮਾਂ ਲਈਏ ।"

"ਜੀ ਤੁਸੀਂ ਹੁਕਮ ਕਰੋ, ਹੋਰ ਮੈਂ ਕੀ ਕਰਾਂ ?" ਗਰੀਬੂ ਰਤਾ ਸੰਭਲ ਕੇ ਤੇ ਸਿਪਾਹੀ ਅੱਗੇ ਹੱਥ ਜੋੜ ਕੇ ਖੜ੍ਹ ਗਿਆ ਹੈ, ਡਾਢਾ ਹੀ ਤਰਸ ਦਾ ਪਾਤਰ ਤੇ ਮਸਕੀਨ ਜਿਹਾ ਬਣ ਕੇ ! ਉਹ ਏਸ ਗੱਲੋਂ ਵੀ ਹੈਰਾਨ ਹੋਇਆ ਜਾਪਦਾ ਸੀ ਕਿ ਇਹ ਕਿਹੋ ਦਾ ਇਨਸਾਫ਼ ਘਰ ਹੈ ? ਜਿੱਥੇ ਜ਼ੁਲਮ ਦੇ ਵਿਰੁੱਧ ਸ਼ਕਾਇਤ ਕਰਨ ਆਇਆਂ ਦੇ ਵੀ ਛਿੱਤਰ ਪੈਂਦੇ ਹਨ ਤੇ ਰਾਜ਼ੀਨਾਵਾਂ ਕਰਕੇ ਬਾਹਰ ਨੂੰ ਚੱਲਿਆਂ ਦੇ ਵੀ । ਮਨੁੱਖ ਕਰੇ ਤਾਂ ਕੀ ਕਰੇ ? ਜਾਵੇ ਤਾਂ ਕਿੱਥੇ ਜਾਵੇ ?

"ਜੋ ਕੁਝ ਹੁਣ ਮੇਰੀ ਜੇਬ 'ਚ ਬਚਦਾ ਤੁਸੀਂ ਲੈ ਲਓ !" ਗਰੀਬੂ ਦਾ ਆਪਣਾ ਅੰਦਰ ਸਾਰਾ ਦਰਦ ਤੇ ਵੇਦਨਾ ਆਪਣੀਆਂ ਅੱਖਾਂ 'ਚ ਭਰ ਕੇ ਸਿਪਾਹੀ ਨੂੰ ਆਖਦਾ ਹੈ, ਆਪਣੇ ਮੈਲੇ ਤੇ ਪਾਟੇ ਹੋਏ ਕੁੜਤੇ ਦੇ ਖੀਸੇ ਵਿਚ ਹੱਥ ਪਾ ਕੇ ਕੁਝ ਟੁੱਟੇ ਹੋਏ ਪੈਸੇ ਉਹ ਕੱਢਦਾ ਹੈ ਤੇ ਫੇਰ ਸੱਜੇ ਹੱਥ ਦੀ ਤਲੀ 'ਤੇ ਭਾਨ ਰੱਖ ਕੇ ਤਲੀ ਸਿਪਾਹੀ ਦੇ ਸਾਹਮਣੇ ਕਰ ਦਿੰਦਾ ਹੈ ।

ਸਿਪਾਹੀ ਮੁਣਸ਼ੀ ਤੇ ਥਾਣੇਦਾਰ ਤੋਂ ਹੋਰ ਵੀ ਅਹਤਲੇ ਜਿਹੇ ਗੇਟ ਦੇ ਕੋਲੇ ਕੋਲ ਨੂੰ ਹੋ ਕੇ, ਆਪਣੇ ਖੱਬੇ ਹੱਥ 'ਤੇ ਰੱਖ ਕੇ ਸੱਜੇ ਹਥ ਦੀਆਂ ਉਂਗਲੀਆਂ ਨਾਲ ਗਰੀਬੂ ਦੀ ਦਿੱਤੀ ਭਾਨ ਗਿਣਦਾ ਹੈ ਤੇ ਗਿਣ ਕੇ ਗਰੀਬੂ ਨੂੰ ਆਖਦਾ ਹੈ — "ਇਹ ਤਾਂ ਸਾਰੇ ਬਾਰਾਂ ਆਨੇ ਆ !"

"ਬੱਸ ਜੀ ਇਹੋ ਕੁਛ ਬਚਦਾ ਸੀ ਹੁਣ ਮੇਰੀ ਜੇਬ 'ਚ !" ਗਰੀਬੂ ਆਪਣੇ ਚਿਹਰੇ 'ਤੇ ਲਾਚਾਰੀ ਜਿਹੀ ਦੇ ਚਿੰਨ੍ਹ ਪੈਦਾ ਕਰਕੇ ਆਖਦਾ ਹੈ ।

"ਚੱਲ ਦਫ਼ਾ ਹੋ ! ਸਾਲਾ ਟੁੱਟੀ ਨੰਗ ਕਿਸੇ ਥਾਂ ਦਾ !!" ਸਿਪਾਹੀ ਗਰੀਬੂ ਨੂੰ ਆਖਦਾ ਹੈ ਤੇ ਗੇਟ ਦੇ ਵਿਚਕਾਰ ਆਪਣੀ ਡਿਊਟੀ 'ਤੇ ਖੜ੍ਹਾ ਹੋ ਜਾਂਦਾ ਹੈ ।

ਗੇਟ ਦੇ ਸਾਹਮਣੇ ਆ ਕੇ ਖ਼ਾਕੀ ਰੰਗ ਦੀ ਇਕ ਜੀਪ ਲੱਗੀ ਹੈ, ਵਿਚੋਂ ਐਸ. ਪੀ. ਤੇ ਉਹਦਾ ਅੰਗ ਰੱਖਿਅਕ ਉੱਤਰ ਕੇ ਗੇਟ ਵਿਚ ਪਹੁੰਚੇ ਹਨ, ਗੇਟ 'ਤੇ ਖੜੋਤਾ ਸਿਪਾਹੀ ਐਸ. ਪੀ. ਨੂੰ ਸਲੂਟ ਮਾਰ ਕੇ ਚਿਤੰਨ ਹੋ ਕੇ ਆਪਣੀ ਡਿਊਟੀ 'ਤੇ ਖੜ੍ਹ ਗਿਆ ਹੈ ।

( ਧੰਨਵਾਦ : ਸਾਹਿਤ ਪ੍ਰੀਤਲੜੀ 'ਚੋਂ )


# ELITE TAILORS

| |
|---|
| MEN'S SPORT JACKETS FANCY OR CHECK DESIGN SPECIAL $34.95 |
| MEN'S PANTS Reg. $25.95 to $26.95 — Now $14.95 - 16.95 |
| LADIES'S SLACKS SKIRTS & BLOUSES 25% OFF |
| LADIES' 2 PIECE PANT SUITS Reg. $32.95 — Now on Special $22.95 |
| MEN'S 3 PIECE SUITS Reg. $ - $179 — Now $29 to $129 |
| MEN'S SHIRTS ON SPECIAL — REG% 17.95 SPECIAL "6.95 - 11.95 |

ਹੁਣ ਤੁਸੀਂ ਇਥੋਂ ਟੀਮ ਯੂਨੀਫ਼ਾਰਮਜ਼ ਵੀ ਲੈ ਸਕਦੇ ਹੋ।

ਦਰਸ਼ਨ ਦਿਓ ਜਾਂ ਫ਼ੂਨ ਕਰੋ

**Ph: 872-2276**

**4219 MAIN STREET** (at 26th Ave.)

**Phone 872-2276** VANCOUVER, B.C.

# REAL ESTATE

**BUYING, SELLING OR TRADING YOUR PROPERTY — ALWAYS REMEMBER YOUR REALTOR!**

## HARPAL TOOR

Res. 524-9848

Off. 324-3888



ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਨਕਦ ਵੇਚਣ ਲਈ

ਹਰਪਾਲ ਤੂਰ

ਨੂੰ ਸੇਵਾ ਦਾ ਮੌਕਾ ਦਿਓ।

REALTOR

T. J. LOVEROCK REALTY

5316 Victoria Dr., Van. B.C.

# ਆਓ ! ਯੂਨੀਅਨ ਨੂੰ ਮਜ਼ਬੂਤ ਬਣਾਈਏ !

ਭੈਣੋਂ ਤੇ ਭਰਾਵੋ, 6 ਅਪ੍ਰੈਲ, 1980 ਨੂੰ ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਬਣ ਚੁੱਕੀ ਹੈ। ਕਈ ਸਾਲਾਂ ਦੀ ਅਣਥੱਕ ਮਿਹਨਤ ਅਤੇ ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਹੀ ਯੂਨੀਅਨ ਬਣ ਸਕੀ ਹੈ। ਹੁਣ ਫਾਰਮਾਂ ਵਿਚ ਕੰਮ ਕਰਨ ਵਾਲੇ ਸਾਰੇ ਭੈਣਾਂ ਭਰਾਵਾਂ ਦੇ ਇਹ ਫਾਇਦੇ ਵਾਲੀ ਗੱਲ ਹੈ ਕਿ ਉਹ ਛੇਤੀ ਤੋਂ ਛੇਤੀ ਯੂਨੀਅਨ ਦੇ ਮੈਂਬਰ ਬਨਣ। ਯੂਨੀਅਨ ਦੇ ਮੈਂਬਰ ਬਨਣ ਨਾਲ ਤੁਹਾਨੂੰ ਬਹੁਤ ਫਾਇਦੇ ਹਨ, ਜਿਵੇਂ ਕਿ:

1. ਚੰਗੀਆਂ ਤਨਖਾਹਾਂ, ਚੰਗੀਆਂ ਅਤੇ ਸਾਫ ਸੁਥਰੀਆਂ ਬੱਸਾਂ ਦਾ ਪ੍ਰਬੰਧ, ਘਰੋਂ ਕੰਮ ਤੇ ਲੈ ਕੇ ਜਾਣ ਅਤੇ ਲੈ ਕੇ ਆਉਣ ਦਾ ਚੰਗਾ ਪ੍ਰਬੰਧ
2. ਕੰਮ ਦੀਆਂ ਚੰਗੀਆਂ ਹਾਲਤਾਂ
3. ਦੋ ਹਫਤਿਆਂ ਬਾਅਦ ਤਨਖਾਹ
4. U.I.C. ਜਾਂ ਕੰਪਨਸੇਸ਼ਨ ਸੰਬੰਧੀ ਕੋਈ ਮੁਸ਼ਕਲ ਹੋਵੇ ਤਾਂ ਯੂਨੀਅਨ ਆਪਦੇ ਮੈਂਬਰਾਂ ਦੀ ਮਦਦ ਕਰੇਗੀ
5. ਜੇ ਕਿਸੇ ਮੈਂਬਰ ਨੂੰ ਕੋਈ ਠੇਕੇਦਾਰ ਜਾਂ ਫਾਰਮਰ ਕਿਸੇ ਵੀ ਤਰੀਕੇ ਨਾਲ ਤੰਗ ਕਰ ਰਿਹਾ ਹੋਵੇ, ਜਾਂ ਤਨਖਾਹ ਨਾ ਦੇ ਰਿਹਾ ਹੋਵੇ, ਤਾਂ ਯੂਨੀਅਨ ਆਪਦੇ ਮੈਂਬਰਾਂ ਦੀਆਂ ਇਹਨਾਂ ਮੁਸ਼ਕਲਾਂ ਸੰਬੰਧੀ ਪੂਰੀ ਪੂਰੀ ਮਦਦ ਕਰੇਗੀ।

## ਮੈਂਬਰ ਬਨਣ ਲਈ:

ਤੁਸੀਂ ਯੂਨੀਅਨ ਦੇ ਦਫਤਰ ਆ ਕੇ ਮੈਂਬਰ ਬਣ ਸਕਦੇ ਹੋ। ਦਫਤਰ ਸੋਮਵਾਰ ਤੋਂ ਸ਼ੁਕਰਵਾਰ ਤਕ ਸਵੇਰ ਦੇ 9 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਖੁਲ੍ਹਾ ਰਹਿੰਦਾ ਹੈ।

ਜਾਂ ਤੁਸੀਂ ਯੂਨੀਅਨ ਦਫਤਰ ਫੋਨ ਕਰਕੇ ਆਪਦਾ ਨਾਮ ਅਤੇ ਪਤਾ ਲਿਖਾ ਦਿਉ, ਤਾਂ ਯੂਨੀਅਨ ਦਾ ਕੋਈ ਨੁਮਾਇੰਦਾ ਆ ਕੇ ਤੁਹਾਨੂੰ ਘਰੇ ਹੀ ਮੈਂਬਰ ਬਣਾ ਲਵੇਗਾ। ਦਫਤਰ ਦਾ ਫੋਨ ਨੰਬਰ **521-1877** ਹੈ।

ਕੁਝ ਠੇਕੇਦਾਰ ਜਾਂ ਫਾਰਮਰ ਕਾਮਿਆਂ ਨੂੰ ਕਹਿ ਰਹੇ ਹਨ ਕਿ ਤੁਹਾਨੂੰ ਆਪਣੇ ਆਪ ਹੀ ਵਧ ਤਨਖਾਹਾਂ ਅਤੇ ਹੋਰ ਸਹੂਲਤਾਂ ਦੇਵਾਂਗੇ ਤੇ ਤੁਸੀਂ ਯੂਨੀਅਨ ਦੇ ਮੈਂਬਰ ਨਾ ਬਣੋ। ਸਾਰੇ ਭੈਣਾਂ ਭਰਾਵਾਂ ਨੂੰ ਇਹ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ ਕਿ ਇਹ ਯੂਨੀਅਨ ਦਾ ਡਰ ਹੀ ਇਨ੍ਹਾਂ ਫਾਰਮਰਾਂ ਜਾਂ ਠੇਕੇਦਾਰਾਂ ਨੂੰ ਅਜਿਹਾ ਕੁਝ ਕਹਿਣ ਲਈ ਮਜ਼ਬੂਰ ਕਰ ਰਿਹਾ ਹੈ। ਜੇ ਯੂਨੀਅਨ ਨਾ ਹੋਵੇ ਤਾਂ ਕਿਸੇ ਫਾਰਮਰ ਜਾਂ ਠੇਕੇਦਾਰ ਨੇ ਤਨਖਾਹ ਤਾਂ ਕੀ ਵਧਾਉਣੀ ਹੈ, ਬਲਕਿ ਇਸ ਬਾਰੇ ਗੱਲ ਵੀ ਨਹੀਂ ਕਰਨੀ।

ਫਾਰਮਾਂ ਵਿਚ ਕੰਮ ਕਰਨ ਵਾਲੇ ਸਾਰੇ ਭੈਣ ਭਰਾ, ਬੇਸ਼ਕ ਠੇਕੇਦਾਰ ਰਾਹੀਂ ਕੰਮ ਤੇ ਜਾਂਦੇ ਹੋਣ ਜਾਂ ਕੇਬਨਾਂ ਵਿਚ ਰਹਿੰਦੇ ਹੋਣ, ਯੂਨੀਅਨ ਦੇ ਮੈਂਬਰ ਬਣ ਸਕਦੇ ਹਨ।

ਯੂਨੀਅਨ ਦੇ ਮੈਂਬਰ ਬਨਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਯੂਨੀਅਨ ਦੀ ਮਰਜ਼ੀ ਤੋਂ ਬਿਨਾਂ ਕਿਸੇ ਹੋਰ ਜਗ੍ਹਾ ਕੰਮ ਹੀ ਨਹੀਂ ਕਰ ਸਕਦੇ। ਤੁਸੀਂ ਕੰਮ ਆਪਦੀ ਮਰਜ਼ੀ ਨਾਲ ਕਿਸੇ ਵੀ ਜਗ੍ਹਾ ਕਰ ਸਕਦੇ ਹੋ।

# ਕਨੇਡੀਅਨ ਫਾਰਮਵਰਕਰਜ਼ ਯੂਨੀਅਨ

**7707-6th. ਸਟਰੀਟ, ਬਰਨਬੀ, ਬੀ. ਸੀ.**

ਹੋਰ ਜਾਣਕਾਰੀ ਲਈ ਫੋਨ ਕਰੋ:- ਰਾਜ ਚੌਹਾਨ ਜਾਂ ਚਰਨ ਗਿੱਲ **521-1877**




## ਪੌਣਾਂ ਨਾਲ ਗੁਫ਼ਤਗੂ

ਲੇਖਿਕਾ : ਸੁਰਜੀਤ ਕਲਸੀ
ਪੰਨੇ : 96, ਮੁੱਲ : 15 ਰੁਪਏ
ਪ੍ਰਕਾਸ਼ਕ : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

ਸੁਰਜੀਤ ਕਲਸੀ ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਹੀ ਪੰਜਾਬੀ ਕਵਿੱਤਰੀ ਹੈ । "ਪੌਣਾਂ ਨਾਲ ਗੁਫਤਗੂ" ਉਸਦਾ ਪਹਿਲਾ ਕਾਵਿ ਸੰਗ੍ਰਹਿ ਹੈ ਜਿਸ ਵਿਚ ਉਸਦੀਆਂ 50 ਦੇ ਲਗਭਗ ਕਵਿਤਾਵਾਂ ਸ਼ਾਮਲ ਹਨ । ਇਹਨਾਂ ਕਵਿਤਾਵਾਂ 'ਚ ਉਸਨੇ ਭਾਰਤੀ ਪਰਵਾਸੀਆਂ ਦੇ ਜੀਵਨ ਦੀਆਂ ਸਮੱਸਿਆਵਾਂ, ਦੁਬਿਧਾਵਾਂ ਤੇ ਜਤ ਰਹਿਤ ਜਵਿਨ ਤੋਂ ਲੈ ਕੇ ਔਰਤ ਦੀ ਨਿੱਜੀ ਹੋਂਦ ਦੀਆਂ ਜਟਿਲਤਾਵਾਂ ਦੇ ਵਿਸ਼ੇ ਛੋਹੇ ਹਨ । ਉਸ ਦੀ ਕਵਿਤਾ ਵਿਚ ਕਥ ਤੇ ਰੂਪ ਪੱਖੋਂ ਨਵੀਨਤਾ, ਨਿਵੇਕਲਾਪਣ ਤੇ ਮੌਲਿਕਤਾ ਹੈ । 'ਫਿਰ ਤੁਰਿਆ ਸਿਧਾਰਥ' ਵਿਚ ਉਸ ਨੇ ਗਰੀਬੀ ਦੇ ਸਤਾਏ ਤੇ ਸੁਖ ਦੀ ਭਾਲ ਵਿਚ ਵਿਦੇਸ਼ਾਂ ਵਿਚ ਭਟਕਦੇ ਪਰਵਾਸੀਆਂ ਦੇ ਜੀਵਨ ਦਾ ਕਲਾਮਈ ਵਰਨਣ ਕੀਤਾ ਹੈ :

ਦੁਨੀਆਂ ਦੁੱਖਾਂ ਦਾ ਘਰ
ਇਸੇ ਦੀ ਕਿਸੇ ਨੁਕਰ ਵਿਚੋ
ਸੁਖ ਭਾਲਣ ਚਲਿਆ ਹਾਂ
ਆਪਣਾ ਆਪਾ ਖੋਰ ਖੋਰ ਕੇ
ਭੋਰ ਭੋਰ ਕੇ ਖਾਂਦੇ ਰਹਿ ਕੇ
ਕਦ ਤਕ ਜੀ ਸਕਾਂਗੇ ?

'ਅਸੀਂ ਪਰਵਾਸੀ ਪੰਛੀ' ਤੇ 'ਹਫਤਾ-ਅੰਤ' ਵੀ ਇਸੇ ਜੀਵਨ ਨੂੰ ਪ੍ਰਤੀਬਿੰਬਤ ਕਰਨ ਵਾਲੀਆਂ ਕਵਿਤਾਵਾਂ ਹਨ । ਸੁਰਜੀਤ ਦੀ ਨਜ਼ਰ ਵਿਚ ਪਰਵਾਸੀ ਜੀਵਨ ਦਾ ਸਭ ਤੋਂ ਵੱਡਾ ਦਵੰਦ ਪਰਾਈ ਸਭਿਅਤਾ ਵਿਚ ਜੜਾਂ ਨਾ ਲਾ ਸਕਣਾ ਹੈ । ਇਸ ਲਈ ਦੁਨਿਆਵੀ ਸੁਖ ਵੀ ਓਪਰੇ ਜਾਪਦੇ ਹਨ ।

ਉਸ ਦੀਆਂ ਕੁਝ ਕਵਿਤਾਵਾਂ ਨਿਰੋਲ ਭਾਰਤੀ ਜਾਂ ਪੰਜਾਬੀ ਵਾਤਾਵਰਣ ਤੇ ਚੇਤਨਾ ਤੇ ਆਧਾਰਿਤ ਹਨ । ਇਥੋਂ ਦੀਆਂ ਪੁਰਾਣੀਆਂ ਕੀਮਤਾਂ ਤੇ ਵਿਸ਼ਵਾਸ਼ਾਂ ਤੇ ਉਹ ਤਿੱਖੀ ਚੋਟ ਕਰਦੀ ਹੈ :

ਵਿਸ਼ਵਾਸ਼ਾਂ ਦੀਆਂ ਕਚੀਆਂ ਕੰਧਾਂ
ਲਿੰਬ ਪੋਚ ਕੇ ਆਪਣੇ
ਬੱਚਿਆਂ ਨੂੰ ਹਾਂ ਦੇ ਜਾਂਦੇ ।

ਚਕਰਾਂ ਵਿਚ ਘੁਮਦੀ
ਕਾਇਨਾਤ ਦੇ ਨਾਲ
ਭਾਣਾ ਮੰਨਦੇ ਮੰਨਦੇ
ਅਸੀਂ ਡੁਸੀਂ ਹਾਂ ਬੀਤ ਜਾਂਦੇ ।

ਭਾਰਤੀ ਸਮਾਜਿਕ ਜੀਵਨ ਦੀ ਸਿਥਲਤਾ ਦਾ ਸੂਖਮ-ਭਾਵੀ ਬਿਆਨ ਇਉਂ ਹੈ :

ਹਰ ਪਾਸੇ ਨਿਰਸ਼ਬਦ ਉਦਾਸੀ
ਮੌਤ ਜਿਹੀ ਚੁਪ ਹਵਾ ਦੇ
ਕਣ ਕਣ ਵਿਚ ਲਟਕ ਰਹੀ
ਖਾਮੋਸ਼ੀ : ਮੋਈ ਮੱਛੀ ਦੇ ਖੁਲ੍ਹੇ, ਮੂੰਹ ਜਿਹਾ
ਹਰ ਪਲ ਸਾਨੂੰ ਨਿਗਲ ਜਾਣ ਲਈ
ਬੇਤਾਬ
ਹਰ ਸਥਿਤੀ : ਉਧੜੀ ਹੋਈ ਸਿਉਣ ਵਾਂਗ
ਲੰਗਾਰ ਬਣਦੀ ਜਾਂਦੀ ਏ ।

ਰਾਤ ਹੈ ਸਹਿਮੀ ਜਿਹੀ
ਸੁਨੀਆਂ ਵੀਰਾਨ ਸੜਕਾਂ ਉਤੇ
ਕੋਈ ਕੁੱਤਾ ਹਵਾ ਨੂੰ ਭੌਂਕਦਾ
ਅਵਾਰਾ ਭਟਕਦੀ ਹਵਾ
ਦਰ ਮੇਰੇ ਤੇ ਦਸਤਕ ਦਿੰਦੀ ।

★

## ਸੁਰਤੀ

ਲੇਖਕ : ਅਜਮੇਰ ਰੋਡੇ
ਪੰਨੇ : 88, ਮੁੱਲ : 15 ਰੁਪਏ
ਪ੍ਰਕਾਸ਼ਕ : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

ਵੈਨਕੂਵਰ (ਕੈਨੇਡਾ) ਵਿਚ ਰਹਿਣ ਵਾਲੇ ਕੰਪਿਊਟਰ ਇੰਜੀਨੀਅਰ ਅਜਮੇਰ ਰੋਡੇ ਦਾ ਪਹਿਲਾ ਕਾਵਿ-ਸੰਗ੍ਰਹਿ 'ਸੁਰਤੀ' ਆਪਣੀ ਕਿਸਮ ਦੀ ਕਵਿਤਾ ਦੀ ਢੋਆ ਲੈ ਕੇ ਆਇਆ ਹੈ । ਸੁਰਤੀ ਦਾ ਭਾਵ ਹੈ ਚੇਤਨਾ । ਇਸ ਕਾਵਿ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਵਿਚ ਮਨੁਖੀ ਚੇਤਨਾ ਦੇ ਵੱਖ ਵੱਖ ਪਹਿਲੂਆਂ ਤੇ ਰੰਗਾਂ ਨੂੰ ਸੂਖਮ ਬਿੰਬਾਵਲੀ ਰਾਹੀਂ ਪ੍ਰਗਟਾਉਣ ਦਾ ਯਤਨ ਨਜ਼ਰ ਆਉਂਦਾ ਹੈ । ਇਹ ਗੱਲ ਅਜਮੇਰ ਨੂੰ ਪੰਜਾਬੀ ਦੇ ਬਾਕੀ ਕਵੀਆਂ ਨਾਲੋਂ ਵਖਰਿਆਉਂਦੀ ਹੈ । ਉਸ ਅਨੁਸਾਰ ਮਨੁਖੀ ਹੋਂਦ ਦਾ ਆਧਾਰ ਮੂਲ ਰੂਪ ਵਿਚ ਉਸਦੀ ਚੇਤਨਾ ਹੀ ਹੈ :

ਮੈਂ ਅਗਲੇ ਪਲ ਤੁਰ ਜਾਣਾ ਹੈ
ਮੋਹ ਮਿੱਟੀ ਦੇ ਬੰਧਨ ਸਿਰਜੇ
ਰੁੜ੍ਹ ਜਾਵਣਗੇ

ਮੈਂ ਸੁਰਤੀ ਤਾਂ ਓਹੀ ਸੁਰਤੀ
ਮੈਂ ਫੁਲਾਂ ਦੀ ਡੰਡੀ ਵਿਚ ਬਹਿ ਹੱਸਿਐ
ਮੈਂ ਚਿੜੀਆਂ ਦੀ ਅੱਖ 'ਚ ਬਹਿ ਤੱਕਿਐ
ਮੈਂ ਖਰਗੋਸ਼ ਦੇ ਕੰਨਾਂ ਨੂੰ ਫੜ ਨੱਸਿਐ ।

ਅਜਮੇਰ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਕਵਿਤਾ ਵਿਚ ਢਾਲ ਕੇ ਨਵੇਂ ਅਰਥਾਂ ਦੀ ਭਾਲ ਲਈ ਸੰਘਰਸ਼ਸ਼ੀਲ ਹੋਣ ਦਾ ਸੁਨੇਹਾ ਦਿੰਦਾ ਹੈ :

ਸ਼ਬਦਾ ਦੇ ਵਣ ਅੰਦਰ ਆਉ
ਅਰਥਾਂ ਦੀ ਡੰਡੀ ਲਭ ਕੇ
ਰੂਹ ਦੀ ਕੁਟੀਆ ਤਕ ਤਾਂ ਪਹੁੰਚੋ
ਚਾਨਣ ਦੀ ਖਿੜਕੀ
ਆਪਣੇ ਆਪ ਹੀ ਖੁਲ੍ਹ ਜਾਵੇਗੀ
ਤੱਕ ਲੈਣਾ ਫਿਰ ਕੁੱਲ ਸ੍ਰਿਸ਼ਟੀ
ਜਗਦੇ ਬੁਝਦੇ ਬਿੰਦੂਆਂ ਦੇ ਵਿਚ ਟੁਟੀ
ਤੱਕ ਲੈਣਾ ਫਿਰ ਕੁਲ ਪਦਾਰਥ
ਲਹਿਰ ਲਹਿਰ ਹੋ ਵਗਦਾ
ਤੱਕ ਲੈਣਾ ਪ੍ਰਮਾਣੂ ਅੰਦਰ
ਸ਼ਾਂਤ ਅਗਨ ਕਿਜ ਵਧਦੀ

ਪਰ ਨੰਗੇ ਪੈਰੀਂ ਰੋੜਾਂ ਤੇ
ਤੁਰ ਕੇ ਤਾਂ ਆਓ
ਨਿੱਘੇ ਘਾਹ ਤੇ ਤ੍ਰੇਲਾਂ
ਚੇਤਨਤਾ ਕਦ ਜਾਗੀ ।

ਜ਼ਿੰਦਗੀ ਦੇ ਅਰਥਾਂ ਦੀਆਂ ਤਹਿਆਂ ਸਜਰੇ ਅਨੁਭਵ ਹੀ ਖੋਲ੍ਹ ਸਕਦੇ ਹਨ :

ਓਹੀ ਸ਼ਬਦ ਚਿਣਾਈ
ਓਹੀ ਘਸੇ ਪੁਰਾਣੇ ਅਰਥ
ਮਨ ਉਕਤਾ ਗਿਆ ਹੈ
ਜ਼ਿੱਦ ਕਰਦਾ ਹੈ
ਸੱਜਰੇ ਅਣਛੋਹੇ ਅਨੁਭਵਾਂ ਲਈ ।

ਇਸ ਵਿਸ਼ਾਲ ਕਾਇਨਾਤ ਵਿਚ ਮਨੁਖ ਦੀ ਸੀਮਤ ਹੋਂਦ ਦੇ ਅਹਿਸਾਸ ਨੂੰ ਅਜਮੇਰ ਇਉਂ ਦੱਸਦਾ ਹੈ :

ਕੁਝ ਚਾਨਣ ਗਲ ਬਾਹਾਂ ਪਾ ਕੇ
ਰੂਹ ਮੇਰੀ ਸੰਗ ਸੁਤਾ
ਬਾਕੀ ਚਾਨਣ ਖਿਣ ਨਾ ਰੁਕਿਆ
ਕਿਰਨਾਂ ਕਿਰਨਾ ਹੋਇਆ ।

ਇਸੇ ਲਈ ਉਹ ਹਥਲੇ ਪਲ ਨੂੰ ਪੂਰੀ ਤਰ੍ਹਾਂ ਹੰਢਾਉਣਾ ਲੋਚਦਾ ਹੈ ।

ਤੇਰੀਆਂ ਪਰਖਾਂ ਉਮਰਾਂ ਮੰਗਣ
ਉਮਰਾਂ ਨੇ ਕਦ ਰਹਿਣਾ
ਅਸੀਂ ਤਾਂ ਇਸ ਪਲ ਨੰਗੇ ਹੋ ਕੇ
ਚਾਹੀਏ ਲਟ-ਲਟ ਬਲਣਾ ।

★

-ਹਰਭਜਨ ਹਲਵਾਰਵੀ
(ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ ਚੋਂ)

**GOYAL TRAVEL**

**4152 Fraser St.**
**Vancouver, B.C.**
**Tel:**
**[604] 872-7658**

*WE OFFER THE CHEAPEST FARES TO*

**. India . Pakistan .**
**. Nairobi . Dareselam .**

*SPECIAL FARES FROM SEATTLE TO LONDON—*
*One way or Return*
**4 Offices in India to serve you:**

**New Delhi . Jullundur .**
**. Moga Jagroan .**

# ਸੱਚੇ ਮਾਰਗ ਚਲਦਿਆਂ (ਕਵਿਤਾਵਾਂ)

ਲੇਖਕ: ਹਰਜੀਤ ਦੌਧਰੀਆ (ਇੰਗਲੈਂਡ)

ਪ੍ਰਕਾਸ਼ਕ: ਰਵੀ ਸਾਹਿਤ ਪ੍ਰਕਾਸ਼ਨ (ਅੰਮ੍ਰਿਤਸਰ)

ਪੰਨੇ: 103, ਮੁੱਲ: ਸੱਤ ਰੁਪਏ

"ਸੱਚੇ ਮਾਰਗ ਚਲਦਿਆਂ" ਹਰਜੀਤ ਦੌਧਰੀਆ ਦੀ ਪਹਿਲੀ ਕਾਵਿ-ਪੁਸਤਕ ਹੈ, ਜਿਸ ਵਿਚੋਂ ਲੇਖਕ ਕਿਰਤੀਆਂ ਦਾ ਪ੍ਰਤਿਨਿਧ ਬਣਕੇ ਉਭਰਿਆ ਹੈ। ਜਿਨ੍ਹਾਂ ਸਮਾਜਕ ਅਤੇ ਆਰਥਕ ਪ੍ਰਸਥਿਤੀਆਂ ਵਿਚ ਉਹ ਵਿਚਰ ਰਿਹਾ ਹੈ ਉਨ੍ਹਾਂ ਪ੍ਰਤਿ ਉਸਦੇ ਮਨ ਵਿਚ ਰੋਹ ਹੈ; ਉਸ ਦੀਆਂ ਕਵਿਤਾਵਾਂ ਵਿਚ ਉਨ੍ਹਾਂ ਨੂੰ ਬਦਲ ਦੇਣ ਲਈ ਜ਼ੋਰਦਾਰ ਸੰਦੇਸ਼ ਹੈ:

"ਹੁਣ ਕ੍ਰਾਂਤੀ ਤੇ ਹਨੇਰੀ ਰਲ ਕੇ
ਲਹੂਆਂ ਭਿੱਜੀਆਂ ਨਾਲ ਅੱਗਾਂ ਲਾਵਣਗੀਆਂ
ਬੁਰਿਆਂ ਦਾ ਫਾਹਾ ਪਾਵਣਗੀਆਂ।
ਆਜ਼ਾਦ ਹੋ ਜਾਵਣਗੀਆਂ
ਤੇ ਮੁਕਤੀ ਪਾਵਣਗੀਆਂ।" (ਰੁੱਤ ਬਦਲ - ਪੰਨਾ 12)

ਅਖੌਤੀ ਧਰਮੀਜੀਵੀਆਂ ਪ੍ਰਤਿ ਵੀ ਉਸਦੀਆਂ ਕਵਿਤਾਵਾਂ ਵਿਚ ਰੋਸ ਹੈ:

"ਸਬਦ ਵੇਸ ਤੇ ਪੁਸਤਕਾਂ ਜੋ ਤੁਸੀਂ ਬਣਤ ਵੇਚ ਲੋਚੀਆਂ ਨੇ
ਜਿਨ੍ਹਾਂ ਦੇ ਗੀਚੀਉ ਬਾਹਰੋਂ ਕੀਤੇ ਹੋਏ ਆਏ
ਉਨ੍ਹਾਂ ਨੂੰ ਅਸੀਂ ਸਵੀਕਾਰ ਨਹੀਂ ਕਰਦੇ।" (ਨਵੇਂ ਸਬਦ - ਪੰਨਾ 10)

ਹਰਜੀਤ ਲਈ 'ਸੱਚਾ ਮਾਰਗ' ਮਾਰਕਸਵਾਦ ਦਾ ਮਾਰਗ ਹੈ, ਤੇ ਇਹੋ ਉਸ ਦੀ ਕਾਵਿ ਰਚਨਾ ਦਾ ਪ੍ਰੇਰਨਾ ਸ੍ਰੋਤ ਹੈ। ਪਰ ਉਸਦਾ ਮਾਰਕਸਵਾਦੀ ਚਿੰਤਨ ਇਕ ਪ੍ਰਚਾਰੀਏ ਦਾ ਚਿੰਤਨ ਜ਼ਿਆਦਾ ਹੈ, ਇਕ ਲੇਖਕ ਦਾ ਘੱਟ। ਇਸੇ ਲਈ ਉਸਦੀਆਂ ਬਹੁਤੀਆਂ ਕਵਿਤਾਵਾਂ ਵਿਚ ਕਵਿਤਾ ਵਰਗੀ ਰੌਚਕਤਾ ਅਤੇ ਲਚਕਦਾਰ ਦੀਰਘ ਦ੍ਰਿਸ਼ਟੀ ਅਤੇ ਗਹਿਰਾਈ ਨਹੀਂ। ਉਹ ਮਾਰਕਸਵਾਦੀ ਚਿੰਤਨ ਦੇ ਦਾਰਸ਼ਨਿਕ ਪੱਖ ਤੋਂ ਅਕਸਰ ਦੂਰ ਹੀ ਰਹਿੰਦਾ ਹੈ; ਉਂਜ ਹੋ ਸਕਦੇ ਇਹ ਉਸਦਾ ਸੁਚੇਤ ਯਤਨ ਹੋਵੇ। ਇਸੇ ਲਈ ਉਹ "ਔਖਾ ਲਿਖਣ" ਵਾਲਿਆਂ ਪ੍ਰਤਿ ਰੋਸ ਤੋਂ ਵੱਧ ਆਲੋਚਕ ਹੈ। ਕਵਿਤਾ ਦੀ ਬੋਲੀ ਸੌਖੀ ਹੋਣੀ ਚਾਹੀਦੀ ਹੈ ਜਾਂ ਨਹੀਂ, ਵਿਸ਼ੇਸ਼ ਕਰਕੇ ਇਸ ਮਸਲੇ 'ਤੇ ਅਕਸਰ ਚੋਖਾ ਵਾਦਵਿਵਾਦ ਚਲਦਾ ਰਹਿੰਦਾ ਹੈ। ਨਵੀਂ ਕਵਿਤਾ ਸਾਹਿਤ ਦੇ ਬਾਕੀ ਰੂਪਾਂ ਦੇ ਮੁਕਾਬਲੇ ਆਮ ਲੋਕਾਂ ਦੀ ਸਮਝ ਵਿਚ ਔਖਿਆਈ ਮਹਿਸੂਸ ਹੈ ਭਾਵੇਂ ਆਮ ਬੋਲ ਚਾਲ ਦੀ ਬੋਲੀ ਵਿਚ ਹੀ ਲਿਖੀ ਗਈ ਹੋਵੇ ਕਿਉਂਕਿ ਨਵੀਂ ਕਵਿਤਾ ਦੀ ਬੋਲੀ ਜ਼ਿਆਦਾ ਸੰਕੇਤਕ ਹੈ। ਹਰਜੀਤ ਦੀਆਂ ਕਵਿਤਾਵਾਂ: 'ਇਕ ਮੁੰਡੇ ਦੀ ਚੀਜ਼ ਗੁਆਚੀ', 'ਕਰੂਰੇ' ਆਦਿ ਵਿਚਲੇ ਸੰਕੇਤ ਆਮ ਲੋਕਾਂ ਨੂੰ ਕਿਸ ਹੱਦ ਤੱਕ ਸਮਝ ਆ ਸਕਦੇ ਹਨ? ਸਾਹਿਤਕ ਹਲਕਿਆਂ ਵਿਚ ਅਜਿਹੀਆਂ ਕਵਿਤਾਵਾਂ ਅਤਿ ਸਾਦੀਆਂ ਲਗ ਸਕਦੀਆਂ ਹਨ ਕਿਉਂਕਿ ਨਵੀਂ ਕਵਿਤਾ ਦੀ ਬੋਲੀ ਸੰਕੇਤਕ ਹੋਣ ਬਾਰੇ ਸੁਚੇਤ ਹੁੰਦੇ ਹਨ; ਆਮ ਲੋਕਾਂ ਲਈ 'ਇਕ ਮੁੰਡੇ ਦੀ ਚੀਜ਼ ਗੁਆਚੀ' ਕਵਿਤਾ ਵਿਚ 'ਮੁੰਡਾ' ਕੌਣ ਹੈ? ਉਸ ਦੀ ਕਿਹੜੀ 'ਚੀਜ਼' ਗੁਆਚੀ ਹੈ?

ਆਮ ਲੋਕਾਂ ਦੇ ਪੱਧਰ ਤੱਕ ਅਜਿਹੇ ਗੰਭੀਰ ਵਿਸ਼ੇ ਪਹੁੰਚਾਉਣ ਲਈ ਕਵਿਤਾ ਦਾ ਸੰਗੀਤਮਈ ਪੱਖ ਵਧੇਰੇ ਸਫਲ ਰਿਹਾ ਹੈ; ਕਈ ਵਾਰੀ ਖੁਲ੍ਹੀ ਕਵਿਤਾ ਵੀ ਸਫਲ ਹੋ ਸਕਦੀ ਹੈ ਜੇ ਉਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਟੇਜ ਉਤੇ ਪੇਸ਼ ਕੀਤਾ ਜਾਵੇ। ਗੰਭੀਰ ਵਿਸ਼ਿਆਂ ਦੇ ਪਾਠਕਾਂ ਦਾ ਘੇਰਾ ਸੀਮਿਤ ਹੈ — ਅਕਸਰ ਸਾਹਿਤਕ ਵਿਸ਼ਿਆਂ ਦੇ ਪਾਠਕ — ਜਿਨ੍ਹਾਂ ਵਿਚ ਬੋਲੀ ਦੇ ਔਖੀ ਜਾਂ ਸੌਖੀ ਹੋਣ ਦਾ ਬਹੁਤਾ ਫਰਕ ਨਹੀਂ ਪੈਂਦਾ। ਜੇ ਕੋਈ ਨਵਾਂ ਸੰਕਲਪ ਜਾਂ ਵਿਚਾਰ ਇਕ ਕਵਿਤਾ ਵਿਚ ਪ੍ਰਗਟ ਹੁੰਦਾ ਹੈ ਤਾਂ ਉਹ 'ਸਾਹਿਤਕ ਪਾਠਕਾਂ' ਤੋਂ ਹੌਲੇ ਹੌਲੇ ਆਮ ਲੋਕਾਂ ਤੱਕ ਵੀ ਪਹੁੰਚ ਜਾਂਦਾ ਹੈ। ਇਸ ਲਈ ਕਵਿਤਾ ਨੂੰ ਕੇਵਲ ਸਰਲ ਰਖਣ ਲਈ ਉਸਦੇ ਕਲਾਤਮਕ ਪੱਖ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਹਰਜੀਤ ਨੇ 'ਸੱਚੇ ਮਾਰਗ ਚਲਦਿਆਂ' ਨਾਲ ਪੰਜਾਬੀ ਕਵਿਤਾ ਵਿਚ ਪ੍ਰਵੇਸ਼ ਕੀਤਾ ਹੈ; ਉਸਨੂੰ ਪਤਾ ਹੈ ਕਿ ਸੱਚੇ ਮਾਰਗ ਚਲਦਿਆਂ ਉਸਤਤ ਤਾਂ ਹੁੰਦੀ ਹੀ ਹੈ ਪਰ ਕੰਡਿਆਂ ਦੀ ਸੇਜ ਵੀ ਸਹਾਰਨੀ ਪੈਂਦੀ ਹੈ। ਉਸਦਾ ਯਤਨ ਸ਼ਲਾਘਾਯੋਗ ਹੈ ਅਤੇ ਉਹ ਸਾਡੀ ਵਧਾਈ ਦਾ ਪਾਤਰ ਹੈ।

ਅਜਮੇਰ ਰੋਡੇ


ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING

BHARTI ART JEWELLERS

Specialist in East Indian Jewelry Craftware

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For Marriage Party Photos and Group Photos
Contact Raj


## ਇਕ ਨੋਟਿਸ

ਅਸੀਂ ਸਭੀ ਇੰਡੀਆ ਆਰਟਸ ਕਲੱਬ ਤੇ ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ ਦੇ ਮੈਂਬਰ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੀ. ਐਨ. ਈ. ਦੀ ਪਰੇਡ ਵਿਚ ਆਪਣੀ ਸਮੁੱਚੀ ਕਮਿਊਨਿਟੀ ਵਲੋਂ ਫਲੋਟ ਸ਼ਾਮਲ ਕਰਨਾ ਚਾਹੁੰਦੇ ਹਾਂ। ਇਹ ਫਲੋਟ 'ਈਸਟ ਇੰਡੀਅਨ ਕਮਿਊਨਿਟੀ ਆਫ਼ ਬੀ. ਸੀ.' ਦੇ ਨਾਂ ਥੱਲੇ ਹੋਵੇਗਾ। ਇਸ ਕੰਮ ਲਈ ਸਾਨੂੰ ਸਾਰੀ ਕਮਿਊਨਿਟੀ ਦੇ ਸਹਿਯੋਗ ਦੀ ਲੋੜ ਹੈ। ਜਿਹੜੀ ਵੀ ਕੋਈ ਸਭਾ ਸੁਸਾਇਟੀ ਜਾਂ ਵਿਅਕਤੀ ਸਾਡੀ ਮਦਦ ਕਰਨੀ ਚਾਹੇ ਤਾਂ ਸਾਡੇ ਨਾਲ ਹੇਠ ਲਿਖੇ ਫੋਨਾਂ ਤੇ ਸੰਪਰਕ ਪੈਦਾ ਕਰੇ।

PAUL BINNING 879-3339
SWARAN MALLI 581-4907

# ਪੱਗ ਦਾ ਸਵਾਲ

ਅਪ੍ਰੈਲ 1979 ਵਿਚ ਵੁਲਵਰਹੈਂਪਟਨ ਵਿਖੇ ਇਕ ਸਿੱਖ ਬੱਚਾ, ਕੁਲਵਿੰਦਰ ਸਿੰਘ ਭਮਰਾ, ਛੁੱਟੀਆਂ ਪਿਛੋਂ ਪਹਿਲੇ ਦਿਨ ਜਦੋਂ ਆਪਣੇ ਪ੍ਰਾਈਮਰੀ ਸਕੂਲ ਵਿਚ ਪਗੜੀ ਬੰਨ੍ਹ ਕੇ ਗਿਆ, (ਯਾਦ ਰਹੇ ਬੱਚੇ ਨੇ ਛੁੱਟੀਆਂ ਵਿਚ ਅੰਮ੍ਰਿਤ ਛਕਿਆ ਸੀ) ਤਾਂ ਹੈਡ ਟੀਚਰ ਨੇ ਬੱਚੇ ਨੂੰ ਘਰ ਵਾਪਸ ਕਰ ਦਿੱਤਾ। ਬੱਚੇ ਦਾ ਪਿਤਾ ਪ੍ਰੇਮ ਸਿੰਘ ਭੰਮਰਾ ਜਦ ਬੱਚੇ ਨੂੰ ਲੈ ਕੇ ਗਿਆ ਤਾਂ, ਹੈਡ ਟੀਚਰ ਨੇ ਸਾਫ ਆਖ ਦਿੱਤਾ ਕਿ ਇਸ ਸਕੂਲ ਵਿਚ ਕੋਈ ਵੀ ਬੱਚਾ ਪਗੜੀ ਬੰਨ੍ਹ ਕੇ ਨਹੀਂ ਆ ਸਕਦਾ।

ਨਸਲਵਾਦੀ ਪਰੈਸ ਨੇ ਇਹ ਗੱਲ ਚੁੱਕ ਲਈ ਅਤੇ ਨਸਲਵਾਦੀਆਂ ਵਲੋਂ ਪਰੇਮ ਸਿੰਘ ਅਤੇ ਉਸ ਦੇ ਬੱਚੇ ਨੂੰ ਅਨੇਕਾਂ ਚਿੱਠੀਆਂ ਅਤੇ ਟੈਲੀਫੂਨਾਂ ਰਾਹੀ ਧਮਕੀਆਂ ਦਿੱਤੀਆਂ ਗਈਆਂ ਕਿ ਜੇ ਉਹਨਾਂ ਨੇ ਹੈਡ ਟੀਚਰ ਦਾ ਹੁਕਮ ਨਾ ਮੰਨਿਆਂ ਤਾਂ ਉਹਨਾਂ ਦਾ ਘਰ ਸਾੜ ਦਿੱਤਾ ਜਾਵੇਗਾ। ਉਹਨਾਂ ਨੂੰ ਕਤਲ ਕਰ ਦਿੱਤਾ ਜਾਵੇਗਾ।

ਭਾਰਤੀ ਮਜ਼ਦੂਰ ਸਭਾ ਗਰੇਟ ਬ੍ਰਿਟਿਨ ਦੇ ਨੈਸ਼ਨਲ ਪ੍ਰਧਾਨ ਨਿਰੰਜਨ ਸਿੰਘ ਨੂਰ ਨੇ ਪਰੈਸ ਵਿਚ ਹੈਡ ਟੀਚਰ ਦੇ ਰਵੱਈਏ ਦੀ ਨਿੰਦਾ ਕੀਤੀ ਅਤੇ ਪਰੇਮ ਸਿੰਘ ਦੇ ਪਰਿਵਾਰ ਦੀ ਸਹਾਇਤਾ ਦਾ ਬਚਨ ਦਿੱਤਾ। ਇਸ ਪਿਛੋਂ ਐਂਟੀ ਰੇਸ਼ਿਸਟ ਕਮੇਟੀ ਵੁਲਵਰਹੈਂਪਟਨ, ਮਿਡਲੈਂਡ ਅਕਾਲੀ ਦਲ, ਅਤੇ ਸਮੂੰਹ ਸਥਾਨਕ ਗੁਰਦਵਾਰਿਆਂ ਦੀ ਸਹਾਇਤਾ ਨਾਲ ਸਕੂਲ ਦੀ ਪਿਕਟਿੰਗ ਕੀਤੀ ਗਈ। 6 ਕੁ ਹਫਤਿਆਂ ਮਗਰੋਂ ਹੈਡ ਟੀਚਰ ਨੇ ਬੱਚੇ ਨੂੰ ਪਗੜੀ ਬੰਨ੍ਹ ਕੇ ਸਕੂਲ ਆਉਣ ਲਈ ਮੰਨ ਲਿਆ।

'ਰੱਸੀ ਤਾਂ ਜਲ ਗਈ ਪਰ ਵਲ ਨਹੀਂ ਗਿਆ।' ਕਹਾਵਤ ਦਰੁੱਸਤ ਨਿਕਲੀ। ਕੁਲ-ਵਿੰਦਰ ਸਿੰਘ ਜਿਸ ਦੀ ਪੜ੍ਹਾਈ ਦਾ ਦੋ ਮਹੀਨੇ ਨੁਕਸਾਨ ਹੋ ਗਿਆ ਸੀ, ਉਹ ਜੁਲਾਈ ਵਿਚ ਹਾਈ ਸਕੂਲ ਚਲਾ ਗਿਆ। ਹੈਡ ਟੀਚਰ ਨੇ ਸ. ਪਰੇਮ ਸਿੰਘ ਨੂੰ ਹੁਕਮ ਦਿੱਤਾ ਕਿ ਉਹ ਆਪਣੇ ਰਹਿੰਦੇ ਦੋ ਬੱਚੇ (ਇਕ ਲੜਕਾ ਅਤੇ ਇਕ ਲੜਕੀ) ਹੋਰ ਕਿਸੇ ਸਕੂਲ ਲੈ ਜਾਵੇ। ਸ. ਪਰੇਮ ਸਿੰਘ ਨੇ ਕੌੜਾ ਘੁੱਟ ਭਰ ਕੇ ਦੋਨੋਂ ਬੱਚੇ ਹੋਰ ਸਕੂਲ ਪਾ ਦਿੱਤੇ।

ਇਥੇ ਹੀ ਬੱਸ ਨਹੀਂ ਹੈਡ ਟੀਚਰ ਨੇ ਮਿਸਟਰ ਨਿਰੰਜਨ ਸਿੰਘ ਨੂਰ ਤੇ ਹਤੱਕ ਇਜ਼ੱਤ ਦਾ ਦਾਅਵਾ ਕੀਤਾ ਹੈ ਅਤੇ ਇਸ ਮੁਕੱਦਮੇ ਦੀ ਤਾਰੀਖ ਬ੍ਰਮਿੰਘਮ ਵਿਚ ਜਲਦੀ ਹੀ ਨਿਕਲਣ ਵਾਲੀ ਹੈ। ਵੁਲਵਰਹੈਂਪਟਨ ਇਕ ਬਲੈਕੀਏ ਜ਼ੈਲਦਾਰ (ਜੋ ਹੈਡ ਟੀਚਰ ਨੂੰ ਹਲਾਸ਼ੇਰੀ ਦੇ ਰਿਹਾ ਹੈ) ਤੋਂ ਬਿਨਾਂ ਸਾਰੀ ਏਸ਼ੀਅਨ ਤੇ ਵੈਸਟ ਇੰਡੀਅਨ ਕਮਿਊਨਿਟੀ ਮਿ. ਨੂਰ ਦੀ ਹੱਕੀ ਮਦਦ ਤੇ ਹੈ।

ਮੈਂ ਅਪੀਲ ਕਰਦਾ ਹਾਂ ਕਿ ਸ਼ਰੋਮਣੀ ਅਕਾਲੀ ਦਲ ਯੂ. ਕੇ. ਅਤੇ ਹੋਰ ਅਣਖੀਲੀਆਂ ਜਥੇ-ਬੰਦੀਆਂ ਇਸ ਕੇਸ ਨੂੰ ਕੌਮ ਅਤੇ ਦੇਸ਼ ਦੀ ਅਣਖ ਦਾ ਸਵਾਲ ਸਮਝ ਕੇ ਮਿ. ਨੂਰ ਦੀ ਡਟਵੀਂ ਸਹਾਇਤਾ ਕਰਨ। ਮਿ. ਨੂਰ ਦੀ ਹਾਰ ਸਾਰੀ ਕੌਮ ਦੀ ਹਾਰ ਹੋਵੇਗੀ ਅਤੇ ਉਸ ਦੀ ਜਿੱਤ ਸਾਰੀ ਕੌਮ ਦੀ ਜਿੱਤ ਹੋਵੇਗੀ।

ਤੁਸੀਂ ਕਿਸ ਪ੍ਰਕਾਰ ਸਹਾਇਤਾ ਕਰ ਸਕਦੇ ਹੋ?

ਜੇ ਤੁਸੀਂ ਵੁਲਵਰਹੈਂਪਟਨ ਪਗੜੀ ਐਕਸ਼ਨ ਕਮੇਟੀ ਅਤੇ ਮਿਸਟਰ ਨਿਰੰਜਣ ਸਿੰਘ ਨੂਰ ਦੇ ਉਪਰੋਕਤ ਯਤਨ ਨਾਲ ਸਹਿਮਤ ਹੋ ਤਾਂ: —

* ਆਪਣੀ ਸੰਸਥਾ ਦੇ ਪੈਡ ਤੇ (ਜਾਂ ਸਾਦੇ ਕਾਗ਼ਜ਼ ਤੇ) ਇਸ ਕਦਮ ਦੀ ਸ਼ਲਾਘਾ ਦਾ ਖ਼ਤ ਹੇਠ ਲਿਖੇ ਪਤੇ ਤੇ ਲਿਖੋ ਅਤੇ ਆਪਣੀ ਹਮਦਰਦੀ ਅਤੇ ਸਹਾਇਤਾ ਦਾ ਬਚਨ ਦਿਉ।
* ਆਪਣੀ ਯਥਾ ਸ਼ਕਤੀ (ਮੁਕੱਦਮਾ ਲੜਨ ਲਈ) ਮਾਇਆ ਦੇ ਚੈਕ ਜਾਂ ਪੋਸਟਲ ਆਰਡਰ ਤੁਰੰਤ ਭੇਜੋ। ਯਾਦ ਰਹੇ ਕਿ ਹੱਤਕ ਇੱਜ਼ਤ ਦੇ ਮੁਕੱਦਮੇ ਵਿਚ ਕਾਨੂੰਨੀ ਮਾਇਕ ਸਹਾਇਤਾ ਨਹੀਂ ਮਿਲ ਸਕਦੀ ਅਤੇ ਇਸ ਮੁਕੱਦਮੇ ਤੇ ਖਰਚ ਹਜ਼ਾਰਾਂ ਪੌਂਡਾਂ ਵਿਚ ਆ ਸਕਦਾ ਹੈ।
* ਕਮਿਸ਼ਨ ਫਾਰ ਰੇਸ਼ੀਅਲ ਇਕੁਆਲਿਟੀ ਦੇ ਚੇਅਰਮੈਨ ਮਿਸਟਰ ਡੇਵਿਡ ਲੇਨ ਨੂੰ ਚਿੱਠੀਆਂ ਲਿਖੋ ਕਿ ਉਹ ਇਸ ਕੇਸ ਦੀ ਪੈਰਵੀ ਕਰਨ ਕਿਉਂਕਿ ਕਮਿਸ਼ਨ ਫਾਰ ਰੇਸ਼ੀਅਲ ਇਕੁਆਲਿਟੀ ਨਸਲਵਾਦ ਵਿਰੁਧ ਲੜਨ ਦਾ ਦਾਅਵਾ ਕਰਦੀ ਹੈ।
* ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਭਾਰਤ ਨੂੰ ਚਿੱਠੀਆਂ ਲਿਖੋ ਕਿ ਉਹ ਇਸ ਕੇਸ ਸਬੰਧੀ ਲਾਰਡ ਚਾਂਸਲਰ ਅਤੇ ਵਿਦਿਆ ਮੰਤਰੀ ਬਰਤਾਨੀਆਂ ਨੂੰ ਚੇਤਾਵਨੀ ਦੇਣ ਅਤੇ ਇਸ ਕੇਸ ਦੀ ਪੂਰੀ ਪੈਰਵੀ ਕਰਨ।

ਸੁਰਜੀਤ ਸਿੰਘ ਖਾਲਸਾ।
ਸਕੱਤਰ
ਵੁਲਵਰਹੈਂਪਟਨ ਪਗੜੀ ਐਕਸ਼ਨ ਕਮੇਟੀ

The Wolverhampton
Turban Action Committee
70 Sherwood St., Whitmore Reans,
Wolverhampton. WV1 4RQ, U.K.
Telephone:
0902-21804

*PAUL'S PLUMBING & ELECTRICAL SUPPLY*

PLUMBING & BATHROOM FIXTURES & SUPPLIES
HOT WATER TANKS
HOT WATER HEATING & SUPPLIES



ਖੁਸ਼ਖਬਰੀ ! ਤੁਹਾਡੀ ਜ਼ਰੂਰਤ ਲਈ ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਓਮ ਪਾਲ ਵਲੋਂ 32 ਐਵੇਨਿਊ ਲਾਗੇ 4774 ਮੇਨ ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ। ਸਾਡੇ ਕੋਲ ਆਓ, ਪੰਜਾਬੀ 'ਚ ਗੱਲ ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕਰੋ।

872 3118

English-Punjab-Hindi Spoken
4774 Main St (at 32nd)
Vancouver • 872-3118
Open Sunday — Parking at rear.

**SHAKTI GIFT**

6576 MAIN STREET,
VANCOUVER, B.C.



Where you can get all types of Real and Artificial Jewellery and all types of oriental designs can be made!

SALE AND REPAIRS OF WATCHES

Res. 327-8259
Bus 321-6214

SPECIALIST IN EAST INDIAN JEWELLERY
GIFTWARE & REPAIRS

ਹਰ ਤਰਾਂ ਦੇ ਗਹਿਣੇ ਬਣਾਉਣ ਲਈ ਸਾਡੀ ਦੁਕਾਨ ਤੇ ਆਓ।

# PABLA

## Supermarket Ltd.

## 6596 Main St.

## PH: 321-0662—327-1888

### Specialists in East Indian Groceries

ਭਾਰਤੀ ਗਰਾਸਰੀ ਦੀ ਇਕ ਨਵੀਂ ਦੁਕਾਨ

ਜਿਥੋਂ ਤੁਸੀਂ ਹਰ ਤਰਾਂ ਦੀ ਭਾਰਤੀ ਗਰਾਸਰੀ, ਵਧੀਆ ਅਤੇ ਤਾਜ਼ੀਆਂ ਸ਼ਬਜ਼ੀਆਂ ਖਰੀਦ ਸਕਦੇ ਹੋ, ਵਧੀਆ ਮਾਲ–ਘਟ ਕੀਮਤਾਂ ਅਤੇ ਚੰਗੇਰੀ ਸੇਵਾ, ਸਾਡਾ ਮੁਖ ਉਦੇਸ਼ ਹੈ।

**WE ARE OPEN 7 DAYS A WEEK**

**- YOU ARE ALWAYS WELCOME HERE -**



ਕੇਵਲ ਸਿੰਘ ਪਾਬਲਾ

ਭਾਰਤੀ ਮਠਿਆਈਆਂ ਤੇ ਭਾਰਤੀ ਖਾਣਿਆਂ ਦੇ ਮਾਹਰ

## ਸਪੈਸ਼ਲ

ਪਾਬਲਾ ਬਰਾਂਡ ਤੰਦੂਰੀ ਚਿਕਨ

ਪਾਬਲਾ ਬਰਾਂਡ ਮਠਿਆਈ

ਵਿਆਹ ਸ਼ਾਦੀਆਂ ਜਾਂ ਪਾਰਟੀ

ਲਈ ਖਾਣੇ ਦੀ ਜ਼ੁੰਮੇਵਾਰੀ

ਸਾਡੇ ਸਿਰ ਪਾਵੋ

ਸਾਡੀਆਂ ਵਾਜਬ ਕੀਮਤਾਂ ਤੋਂ ਫਾਇਦਾ ਉਠਾਓ !



ਜਗਮੋਹਨ ਸਿਘ ਪਾਬਲਾ

ਭਾਰਤੀ ਖਾਣਿਆਂ ਦੇ ਮਾਸਟਰ

# ਮਠਿਆਈ ਦੀਆਂ ਭਾਰੀ ਦੁਕਾਨਾਂ

# HIMALAYA RESTAURANT LTD.

**LICENSED PERMISES**

2313 MAIN ST.
PH. : 876-2911

## Vancouver, B.C

6595 MAIN ST.,
PH. :324-6514

ਪੰਜਾਬੀ ਦਾ ਸਾਹਿਤਕ ਤੇ ਸੱਭਿਆਚਾਰਕ ਮਾਸਕ-ਪੱਤਰ
WATNO DUR
P.O. BOX 67681 STN. "O"
VANCOUVER, B.C. V5W 3V2
Second class mail Reg. No. 3233

# FRONTIER CLOTH HOUSE LTD.

**6695 MAIN STREET VANCOUVER, B.C.**

## THE KING OF SAREE

| Tel.: 325-4424 | Tel.: 325-3515 |
|---|---|
| **FRONTIER** | **FRONTIER** |
| **THE HOUSE OF FASHION FABRICS** | **THE HOUSE OF BEAUTIFUL SAREES** |
| *Frontier — the Fair Deal Store* | *Frontier — the First In Fashion* |







## THINK OF US AS BIGGEST SAREE STORE IN CANADA

WATNO DUR (Far from the Motherland) is a literary and cultural monthly of PANJABI language — *the mother-tongue of East Panjab (India) and West Panjab (Pakistan)* — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2